HIGH STANDARD NEWS

# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 27.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8

## ਸਰਕਾਰ ਨੇ ਡਾਕਟਰਾਂ ਦੀਆਂ ਮੰਗਾਂ ਕੀਤੀਆਂ ਸਵੀਕਾਰ, ਹੜਤਾਲ ਖ਼ਤਮ




ਹਰਿਆਣਾ ਦੇ ਸਰਕਾਰੀ ਡਾਕਟਰਾਂ ਨੇ ਸੂਬਾ ਸਰਕਾਰ ਵਲੋਂ ਉਨ੍ਹਾਂ ਦੀਆਂ ਮੰਗਾਂ ਨੂੰ ਸਵੀਕਾਰ ਕੀਤੇ ਜਾਣ ਦਾ ਭਰੋਸਾ ਮਿਲਣ ਤੋਂ ਬਾਅਦ ਸ਼ਨੀਵਾਰ ਨੂੰ ਆਪਣੀ ਹੜਤਾਲ ਖ਼ਤਮ ਕਰ ਦਿੱਤੀ। ਹਰਿਆਣਾ ਸਿਵਲ ਮੈਡੀਕਲ ਸੇਵਾਵਾਂ (ਐੱਚ.ਸੀ.ਐੱਮ.ਐੱਸ.) ਸੰਗਠਨ ਦੇ ਮੁਖੀ ਨੇ ਇਹ ਜਾਣਕਾਰੀ ਦਿੱਤੀ। ਹੜਤਾਲ ਖ਼ਤਮ ਹੋਣ ਤੋਂ ਬਾਅਦ ਡਾਕਟਰ ਹਸਪਤਾਲਾਂ 'ਚ ਚਲੇ ਗਏ। ਐੱਚ.ਸੀ.ਐੱਮ.ਐੱਸ. ਦੇ ਮੁਖੀ ਡਾ. ਰਾਜੇਸ਼ ਖਿਆਲੀਆ ਨੇ ਕਿਹਾ,''ਪ੍ਰਦਰਸ਼ਨਕਾਰੀ ਡਾਕਟਰਾਂ ਦੇ ਪ੍ਰਤੀਨਿਧੀਆਂ ਅਤੇ ਹਰਿਆਣਾ ਦੇ ਮੁੱਖ ਮੰਤਰੀ ਦੇ ਐਡੀਸ਼ਨ ਪ੍ਰਧਾਨ ਸਕੱਤਰ ਅਮਿਤ ਅਗਰਵਾਲ ਵਿਚਾਲੇ ਸ਼ੁੱਕਰਵਾਰ ਨੂੰ ਹੋਈ ਬੈਠਕ ਦੇ ਬਾਅਦ ਹੜਤਾਲ ਖ਼ਤਮ ਕਰਨ ਦਾ ਫ਼ੈਸਲਾ ਲਿਆ ਗਿਆ।'' ਉਨ੍ਹਾਂ ਕਿਹਾ,''ਅਸੀਂ ਹੜਤਾਲ ਵਾਪਸ ਲੈ ਲਈ ਹੈ।'' ਖਿਆਲੀਆ ਨੇ ਦੱਸਿਆ ਕਿ ਸਰਕਾਰ ਨੇ ਡਾਕਟਰਾਂ ਦੀਆਂ ਮੰਗਾਂ ਸਵੀਕਾਰ ਕਰ ਲਈਆਂ ਹਨ ਅਤੇ 15 ਅਗਸਤ ਤੋਂ ਪਹਿਲੇ ਇਨ੍ਹਾਂ ਨੂੰ ਨੋਟੀਫਾਈ ਕਰਨ ਦਾ ਭਰੋਸਾ ਵੀ ਦਿੱਤਾ ਹੈ। ਡਾਕਟਰਾਂ ਨੇ ਸੂਬਾ ਸਰਕਾਰ ਤੋਂ ਮਾਹਿਰ ਕੈਡਰ ਦਾ ਗਠਨ ਕਰਨ, ਕੇਂਦਰ ਸਰਕਾਰ ਦੇ ਡਾਕਟਰਾਂ ਦੇ ਸਮਾਨ ਤਰੱਕੀ ਯਕੀਨੀ ਕਰਨ ਵਾਲੀ ਯੋਜਨਾ ਲਾਗੂ ਕਰਨ, ਸੀਨੀਅਰ ਮੈਡੀਕਲ ਅਧਿਕਾਰੀ (ਐੱਸ.ਐੱਮ.ਓ.) ਦੀ ਸਿੱਧੀ ਭਰਤੀ ਨਾ ਕਰਨ ਅਤੇ ਗੈਰਜੂਏਸ਼ਨ ਪਾਠਕ੍ਰਮਾਂ ਲਈ ਬਾਂਡ ਰਾਸ਼ੀ ਇਕ ਕਰੋੜ ਰੁਪਏ ਘਟਾ ਕੇ 50 ਲੱਖ ਰੁਪਏ ਕਰਨ ਦੀ ਮੰਗ ਕੀਤੀ ਹੈ। ਹਰਿਆਣਾ ਸਰਕਾਰ 'ਤੇ ਆਪਣੀਆਂ ਮੰਗਾਂ ਮਨਵਾਉਣ ਦਾ ਦਬਾਅ ਬਣਾਉਣ ਲਈ ਕਰੀਬ 3 ਹਜ਼ਾਰ ਸਰਕਾਰੀ ਡਾਕਟਰ ਵੀਰਵਾਰ ਤੋਂ ਅਣਮਿੱਥੇ ਸਮੇਂ ਲਈ ਹੜਤਾਲ 'ਤੇ ਬੈਠੇ ਸਨ। ਇਸ ਕਾਰਨ ਸੂਬੇ ਦੇ ਸਰਕਾਰੀ ਹਸਪਤਾਲਾਂ 'ਚ ਮੈਡੀਕਲ ਸੇਵਾਵਾਂ ਪ੍ਰਭਾਵਿਤ ਹੋਈਆਂ ਸਨ। ਡਾਕਟਰਾਂ ਦੀ ਹੜਤਾਲ ਖ਼ਤਮ ਕਰਵਾਉਣ ਲਈ ਸੂਬਾ ਸਰਕਾਰ ਅਤੇ ਐੱਚ.ਸੀ.ਐੱਮ.ਐੱਸ. ਦੇ ਪ੍ਰਤੀਨਿਧੀਆਂ ਵਿਚਾਲੇ ਕਈ ਬੈਠਕਾਂ ਹੋਈਆਂ। ਇਨ੍ਹਾਂ ਬੈਠਕਾਂ 'ਚ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਰਾਜੇਸ਼ ਖੁੱਲਰ ਅਤੇ ਐਡੀਸ਼ਨਲ ਮੁੱਖ ਸਕੱਤਰ (ਸਿਹਤ) ਸੁਧੀਰ ਰਾਜਪਾਲ ਸ਼ਾਮਲ ਹੋਏ ਸਨ। ਸੰਗਠਨ ਨੇ ਆਪਣੀਆਂ ਮੰਗਾਂ ਪੂਰੀਆਂ ਨਾ ਹੋਣ ਦੇ ਵਿਰੋਧ 'ਚ ਸਰਕਾਰੀ ਹਸਪਤਾਲਾਂ 'ਚ ਸਿਹਤ ਸੇਵਾਵਾਂ ਬੰਦ ਕਰਨ ਦੀ ਅਪੀਲ ਕੀਤੀ ਸੀ।

## ਸੁਰੱਖਿਆ ਫ਼ੋਰਸਾਂ ਨੇ ਡਰੋਨ ਨਾਲ ਸੁੱਟੇ ਗਏ ਹਥਿਆਰਾਂ ਤੇ ਗੋਲਾ-ਬਾਰੂਦ ਦੀ ਖੇਪ ਕੀਤੀ ਜ਼ਬਤ



ਜੰਮੂ ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ 'ਚ ਕੰਟਰੋਲ ਰੇਖਾ (ਐੱਲ.ਓ.ਸੀ.) ਦੇ ਪਾਰ ਤੋਂ ਡਰੋਨ ਰਾਹੀਂ ਸੁੱਟੇ ਗਏ ਹਥਿਆਰਾਂ ਅਤੇ ਗੋਲਾ-ਬਾਰੂਦ ਦੀ ਇਕ ਖੇਪ ਨੂੰ ਸੁਰੱਖਿਆ ਫ਼ੋਰਸਾਂ ਨੇ ਸ਼ੁੱਕਰਵਾਰ ਨੂੰ ਜ਼ਬਤ ਕਰ ਲਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਮੰਗਲਾ ਬਟਾਲੀਅਨ ਖੇਤਰ 'ਚ ਕੰਟਰੋਲ ਰੇਖਾ ਕੋਲ ਇਕ ਸ਼ੱਕੀ ਡਰੋਨ ਦੇਖੇ ਜਾਣ ਤੋਂ ਬਾਅਦ ਨੌਸ਼ਹਿਰਾ ਇਲਾਕੇ 'ਚ ਖੋਜ ਮੁਹਿੰਮ ਸ਼ੁਰੂ ਕੀਤੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਫ਼ੌਜ ਦੀਆਂ ਇਕਾਈਆਂ ਨੇ ਡਰੋਨ 'ਤੇ ਗੋਲੀਬਾਰੀ ਕੀਤੀ ਅਤੇ ਸ਼ੁੱਕਰਵਾਰ ਤੜਕੇ ਘੇਰਾਬੰਦੀ ਕਰ ਕੇ ਖੋਜ ਮੁਹਿੰਮ ਸ਼ੁਰੂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਉੱਪ-ਮੰਡਲ ਦੇ ਸਰਹੱਦੀ ਪਿੰਡ ਸੇਹਰ 'ਚ ਫ਼ੌਜ ਅਤੇ ਪੁਲਸ ਫ਼ੋਰਸ ਨੇ ਸ਼ੱਕੀ ਡਰੋਨ ਨਾਲ ਸੁੱਟੀ ਗਈ ਹਥਿਆਰਾਂ ਦੀ ਖੇਪ ਬਰਾਮਦ ਕਰਨ ਦੀ ਬਜਾਏ ਉਸ ਨੂੰ ਜ਼ਬਤ ਕਰ ਲਿਆ। ਅਧਿਕਾਰੀਆਂ ਨੇ ਦੱਸਿਆ ਕਿ ਇਸ ਖੇਪ 'ਚ ਇਕ ਪਿਸਤੌਲ, 2 ਮੈਗਜ਼ੀਨ ਅਤੇ 37 ਗੋਲੀਆਂ ਸ਼ਾਮਲ ਹਨ।

## CM ਸੁੱਖੂ ਦਾ ਵੱਡਾ ਬਿਆਨ, ਮੋਦੀ ਸਰਕਾਰ ਦੇ 30 ਕਰੋੜ ਰੁਪਏ ਵਾਪਸ ਕਰੇਗੀ ਸੂਬਾ ਸਰਕਾਰ




ਸੂਬੇ ਦੇ ਨਾਲਾਗੜ੍ਹ 'ਚ ਬਣਨ ਵਾਲੇ ਮੈਡੀਕਲ ਡਿਵਾਈਸ ਪਾਰਕ ਨੂੰ ਲੈ ਕੇ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਵਿਚਾਲੇ ਤਕਰਾਰ ਚੱਲ ਰਹੀ ਹੈ। ਸੂਬਾ ਸਰਕਾਰ ਨੇ ਇਸ ਨੂੰ ਆਪਣੇ ਸਰੋਤਾਂ ਨਾਲ ਬਣਾਉਣ ਦਾ ਫ਼ੈਸਲਾ ਲੈ ਲਿਆ ਹੈ, ਜਦੋਂ ਕਿ ਇਸ ਲਈ ਕੇਂਦਰ ਤੋਂ ਮਿਲੀ 30 ਕਰੋੜ ਰੁਪਏ ਦੀ ਮਦਦ ਵਾਪਸ ਕਰਨ ਦਾ ਫ਼ੈਸਲਾ ਲੈ ਲਿਆ ਹੈ। ਜਾਣਕਾਰੀ ਅਨੁਸਾਰ ਹਿਮਾਚਲ ਦੇ ਹਿੱਤਾਂ ਨੂੰ ਪਹਿਲ ਦਿੰਦਿਆਂ ਸੂਬਾ ਸਰਕਾਰ ਨੇ ਸੋਲਨ ਜ਼ਿਲ੍ਹੇ ਦੇ ਨਾਲਾਗੜ੍ਹ 'ਚ ਮੈਡੀਕਲ ਡਿਵਾਈਸ ਪਾਰਕ ਆਪਣੇ ਸਰੋਤਾਂ ਨਾਲ ਬਣਾਉਣ ਦਾ ਫੈਸਲਾ ਕੀਤਾ ਹੈ। ਸੂਬਾ ਸਰਕਾਰ ਨੇ 350 ਕਰੋੜ ਰੁਪਏ ਦੀ ਲਾਗਤ ਨਾਲ 265 ਏਕੜ ਜ਼ਮੀਨ ’ਤੇ ਬਣਨ ਵਾਲੇ ਇਸ ਪ੍ਰਾਜੈਕਟ ਲਈ ਕੇਂਦਰ ਸਰਕਾਰ ਤੋਂ ਪ੍ਰਾਪਤ 30 ਕਰੋੜ ਰੁਪਏ ਵਾਪਸ ਕਰਨ ਦਾ ਫੈਸਲਾ ਕੀਤਾ ਹੈ। ਜੇਕਰ ਸੂਬਾ ਸਰਕਾਰ ਨੇ ਇਹ ਰਾਸ਼ੀ ਵਾਪਸ ਨਹੀਂ ਕੀਤੀ ਤਾਂ ਸੂਬੇ ਨੂੰ ਕਾਫੀ ਵਿੱਤੀ ਨੁਕਸਾਨ ਹੋਵੇਗਾ। ਸੂਬਾ ਸਰਕਾਰ ਨੂੰ ਉਦਯੋਗਪਤੀਆਂ ਨੂੰ 1 ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਜ਼ਮੀਨ, 3 ਰੁਪਏ ਪ੍ਰਤੀ ਯੂਨਿਟ ਬਿਜਲੀ ਤੋਂ ਇਲਾਵਾ ਪਾਣੀ, ਰੱਖ-ਰਖਾਅ ਅਤੇ ਗੋਦਾਮ ਦੀਆਂ ਸਹੂਲਤਾਂ 10 ਸਾਲਾਂ ਲਈ ਬਿਨਾਂ ਕਿਸੇ ਖਰਚੇ ਤੋਂ ਮੁਹੱਈਆ ਕਰਵਾਉਣੀਆਂ ਪੈਣਗੀਆਂ। ਮੈਡੀਕਲ ਡਿਵਾਇਸ ਪਾਰਕ 'ਚ ਬਣੇ ਜ਼ਿਆਦਾਤਰ ਸਾਜ਼ੋ-ਸਾਮਾਨ ਸੂਬੇ ਤੋਂ ਬਾਹਰ ਵੇਚੇ ਜਾਣਗੇ ਪਰ ਇਸ ਨਾਲ ਐੱਨ.ਐੱਸ.ਜੀ.ਐੱਸ.ਟੀ. ਕਾਰਨ ਸਰਕਾਰੀ ਖਜ਼ਾਨੇ ਨੂੰ ਵੀ ਸਿੱਧਾ ਨੁਕਸਾਨ ਹੋਵੇਗਾ। ਇਸ ਲਈ ਸੂਬਾ ਸਰਕਾਰ ਨੇ ਇਨ੍ਹਾਂ ਸ਼ਰਤਾਂ ਤੋਂ ਮੁਕਤ ਹੋਣ ਦਾ ਫੈਸਲਾ ਕੀਤਾ ਹੈ, ਜਿਸ ਕਾਰਨ ਸੂਬੇ ਨੂੰ ਆਉਣ ਵਾਲੇ 5-7 ਸਾਲਾਂ ਦੌਰਾਨ ਜ਼ਮੀਨ ਅਤੇ ਹੋਰ ਸਾਧਨਾਂ ਦੀ ਵਿਕਰੀ ਤੋਂ 500 ਕਰੋੜ ਰੁਪਏ ਦਾ ਮੁਨਾਫਾ ਹੋਣ ਦੀ ਉਮੀਦ ਹੈ। ਹੁਣ ਸੂਬਾ ਸਰਕਾਰ ਆਪਣੀ ਉਦਯੋਗ ਨੀਤੀ ਅਨੁਸਾਰ ਮੈਡੀਕਲ ਡਿਵਾਈਸ ਪਾਰਕ 'ਚ ਆਉਣ ਵਾਲੇ ਉਦਯੋਗਾਂ ਨੂੰ ਪ੍ਰੋਤਸਾਹਨ ਪ੍ਰਦਾਨ ਕਰੇਗੀ।ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਕਿਹਾ ਕਿ ਸੂਬਾ ਸਰਕਾਰ ਕਿਸੇ ਵੀ ਕੀਮਤ 'ਤੇ ਸੂਬੇ ਦੇ ਸਰੋਤਾਂ ਦੀ ਲੁੱਟ ਨਹੀਂ ਹੋਣ ਦੇਵੇਗੀ। ਇਨ੍ਹਾਂ ਸਰੋਤਾਂ 'ਤੇ ਹਿਮਾਚਲ ਪ੍ਰਦੇਸ਼ ਦੇ ਲੋਕਾਂ ਦਾ ਹੱਕ ਹੈ ਅਤੇ ਸੂਬਾ ਸਰਕਾਰ ਸੂਬੇ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਹਰ ਕਦਮ ਚੁੱਕੇਗੀ। ਉਨ੍ਹਾਂ ਕਿਹਾ ਕਿ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਵੱਖ-ਵੱਖ ਮੋਰਚਿਆਂ 'ਤੇ ਹੱਕਾਂ ਦੀ ਲੜਾਈ ਲੜੀ ਜਾ ਰਹੀ ਹੈ ਅਤੇ ਇਸ ਦਿਸ਼ਾ 'ਚ ਕਦਮ ਚੁੱਕਦਿਆਂ ਸੂਬਾ ਸਰਕਾਰ ਨੇ ਆਪਣੇ ਤੌਰ 'ਤੇ ਮੈਡੀਕਲ ਡਿਵਾਈਸ ਪਾਰਕ ਬਣਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਇਹ ਰਾਸ਼ੀ ਵਾਪਸ ਨਹੀਂ ਕਰਦੀ ਤਾਂ ਉਦਯੋਗਪਤੀਆਂ ਨੂੰ ਲਾਜ਼ਮੀ ਰਿਆਇਤਾਂ ਪ੍ਰਦਾਨ ਕਰਨੀਆਂ ਪੈਣਗੀਆਂ, ਜਿਸ ਨਾਲ ਸਰਕਾਰੀ ਖਜ਼ਾਨੇ 'ਤੇ ਭਾਰੀ ਬੋਝ ਪਵੇਗਾ ਅਤੇ ਸਰਕਾਰ ਨੂੰ ਮਾਲੀਏ ਦਾ ਨੁਕਸਾਨ ਹੋਵੇਗਾ। ਸੂਬਾ ਸਰਕਾਰ ਇਸ ਪ੍ਰਾਜੈਕਟ ਲਈ ਹੁਣ ਤੱਕ 74.95 ਕਰੋੜ ਰੁਪਏ ਜਾਰੀ ਕਰ ਚੁੱਕੀ ਹੈ ਅਤੇ ਮੈਡੀਕਲ ਡਿਵਾਈਸ ਪਾਰਕ ਪਹਿਲ ਦੇ ਆਧਾਰ 'ਤੇ ਬਣਾਇਆ ਜਾ ਰਿਹਾ ਹੈ। ਸੁੱਖੂ ਨੇ ਕਿਹਾ ਕਿ ਇਸ ਤੋਂ ਪਹਿਲਾਂ ਸੂਬਾ ਸਰਕਾਰ ਨੇ ਊਨਾ ਜ਼ਿਲ੍ਹੇ ਦੇ ਹਰੋਲੀ ਵਿਖੇ ਬਣਾਏ ਜਾ ਰਹੇ ਬਲਕ ਡਰੱਗ ਪਾਰਕ 'ਚ ਕਿਸੇ ਵੀ ਨਿੱਜੀ ਏਜੰਸੀ ਦੀ ਮਦਦ ਨਾ ਲੈਣ ਦਾ ਫੈਸਲਾ ਕੀਤਾ ਸੀ। ਸੂਬਾ ਸਰਕਾਰ ਬਲਕ ਡਰੱਗ ਪਾਰਕ ਦੀ ਉਸਾਰੀ ਲਈ ਆਪਣੇ ਸਰੋਤਾਂ ਤੋਂ 1,000 ਕਰੋੜ ਰੁਪਏ ਮੁਹੱਈਆ ਕਰਵਾਏਗੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਮੈਡੀਕਲ ਡਿਵਾਈਸ ਪਾਰਕ ਦੀ ਉਸਾਰੀ ਲਈ ਕਲਸਟਰ ਵਿਕਾਸ ਸਕੀਮ ਤਹਿਤ ਸਿਡਬੀ ਤੋਂ ਕਰਜ਼ਾ ਲਵੇਗੀ। ਹੁਣ ਪ੍ਰਾਜੈਕਟ ਦੇ ਸੁਧਾਰ 'ਚ 25 ਫ਼ੀਸਦੀ ਜ਼ਮੀਨ ਵਿਸ਼ੇਸ਼ ਤੌਰ 'ਤੇ ਮੈਡੀਕਲ ਉਪਕਰਣ ਉਦਯੋਗਾਂ ਲਈ ਅਤੇ 75 ਫ਼ੀਸਦੀ ਹੋਰ ਰਣਨੀਤਕ ਉਦਯੋਗਾਂ ਲਈ ਅਲਾਟ ਕੀਤੀ ਜਾਵੇਗੀ, ਜੋ ਖੇਤਰ 'ਚ ਉਦਯੋਗਿਕ ਵਿਕਾਸ ਨੂੰ ਯਕੀਨੀ ਬਣਾਏਗੀ। ਉਨ੍ਹਾਂ ਕਿਹਾ ਕਿ ਇਸ ਉਦਯੋਗਿਕ ਪਾਰਕ ਨੂੰ ਹਿਮਾਚਲ ਪ੍ਰਦੇਸ਼ 'ਚ ਇਕ ਅਤਿ-ਆਧੁਨਿਕ ਉਦਯੋਗਿਕ ਹੱਬ ਵਜੋਂ ਵਿਕਸਿਤ ਕੀਤਾ ਜਾਵੇਗਾ ਜਿਸ ਨਾਲ ਆਰਥਿਕ ਵਿਕਾਸ ਅਤੇ ਬਿਹਤਰ ਬੁਨਿਆਦੀ ਢਾਂਚਾ ਹੋਣ ਦੇ ਨਾਲ-ਨਾਲ ਆਉਣ ਵਾਲੇ ਸਾਲਾਂ 'ਚ ਸੂਬਾ ਸਰਕਾਰ ਲਈ ਆਮਦਨ ਦਾ ਇਕ ਨਿਯਮਿਤ ਸਰੋਤ ਬਣੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ 'ਚ ਉਦਯੋਗਾਂ ਨੂੰ ਉਤਸ਼ਾਹਿਤ ਕਰ ਰਹੀ ਹੈ ਅਤੇ ਉਦਯੋਗਪਤੀਆਂ ਨੂੰ ਉਨ੍ਹਾਂ ਦੇ ਕਾਰੋਬਾਰ 'ਚ ਹਰ ਸੰਭਵ ਸਹਾਇਤਾ ਦਿੱਤੀ ਜਾ ਰਹੀ ਹੈ। ਆਉਣ ਵਾਲੇ ਸਮੇਂ ਵਿਚ ਵੀ ਸੂਬਾ ਸਰਕਾਰ ਉਦਯੋਗਪਤੀਆਂ ਨੂੰ ਸੂਬੇ 'ਚ ਨਿਵੇਸ਼ ਲਈ ਉਤਸ਼ਾਹਿਤ ਕਰਨ ਲਈ ਆਪਣੇ ਯਤਨ ਜਾਰੀ ਰੱਖੇਗੀ।

## ਆਸਾਮ ਦਾ ‘ਮੋਇਦਮ’ ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ ’ਚ ਸ਼ਾਮਲ

ਆਸਾਮ ’ਚ ਅਹੋਮ ਰਾਜ ਘਰਾਣੇ ਦੇ ਮੈਂਬਰਾਂ ਨੂੰ ਉਨ੍ਹਾਂ ਦੀਆਂ ਪਿਆਰੀਆਂ ਵਸਤੂਆਂ ਸਮੇਤ ਇਕ ਟਿੱਲੇ ਵਰਗੀ ਬਣਤਰ ’ਚ ਦਫ਼ਨਾਉਣ ਦੀ ਪ੍ਰਣਾਲੀ ‘ਮੋਇਦਮ’ ਨੂੰ ਸ਼ੁੱਕਰਵਾਰ ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ ’ਚ ਸ਼ਾਮਲ ਕੀਤਾ ਗਿਆ। ਇਸ ਨਾਲ ਇਸ ਸੂਚੀ ’ਚ ਥਾਂ ਬਣਾਉਣ ਵਾਲੀ ਇਹ ਉੱਤਰ-ਪੂਰਬ ਭਾਰਤ ਦੀ ਪਹਿਲੀ ਸੱਭਿਆਚਾਰਕ ਜਾਇਦਾਦ ਬਣ ਗਈ ਹੈ। ਇਹ ਫੈਸਲਾ ਭਾਰਤ ’ਚ ਹੋ ਰਹੀ ਵਿਸ਼ਵ ਵਿਰਾਸਤ ਕਮੇਟੀ ਦੇ 46ਵੇਂ ਸੈਸ਼ਨ ’ਚ ਲਿਆ ਗਿਆ। ਭਾਰਤ ਨੇ 2023-24 ਲਈ ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ ’ਚ ਸ਼ਾਮਲ ਕਰਨ ਲਈ ‘ਮੋਇਦਮ’ ਨੂੰ ਦੇਸ਼ ਦੀ ਨਾਮਜ਼ਦਗੀ ਵਜੋਂ ਨਾਮਜ਼ਦ ਕੀਤਾ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਇਕ ਪੋਸਟ ’ਚ ਕਿਹਾ ਕਿ ਇਹ ਭਾਰਤ ਲਈ ਬਹੁਤ ਖੁਸ਼ੀ ਤੇ ਮਾਣ ਵਾਲੀ ਗੱਲ ਹੈ ਕਿ ‘ਮੋਇਦਮ’ ਨੇ ਵਿਸ਼ਵ ਵਿਰਾਸਤ ਦੀ ਸੂਚੀ ’ਚ ਥਾਂ ਬਣਾਈ ਹੈ।



## ਰੇਲਵੇ ਫਾਟਕ ਵਿਚਾਲੇ ਫਸੀ ਸਕੂਲੀ ਬੱਸ, 40 ਵਿਦਿਆਰਥੀ ਵਾਲ-ਵਾਲ ਬਚੇ



ਮਹਾਰਾਸ਼ਟਰ ਦੇ ਨਾਗਪੁਰ 'ਚ ਰੇਲਵੇ ਫਾਟਕ ਉੱਤੇ ਫਸੀ ਇਕ ਸਕੂਲੀ ਬੱਸ ਵਿਚ ਸਫਰ ਕਰ ਰਹੇ 40 ਬੱਚਿਆਂ ਨੂੰ ਲੋਕੋ ਪਾਇਲਟ ਅਤੇ ਸਥਾਨਕ ਲੋਕਾਂ ਦੀ ਸਮਝਦਾਰੀ ਨੇ ਟਾਈਮ ਰਹਿੰਦਿਆਂ ਬਚਾ ਲਿਆ। ਇਕ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਖਾਪਰਖੇੜਾ ’ਚ ਵਾਪਰੀ। ਉਨ੍ਹਾਂ ਦੱਸਿਆ ਕਿ ਰੇਲਵੇ ਫਾਟਕ ਪਾਰ ਕਰਦੇ ਸਮੇਂ ਬੱਸ ਡਰਾਈਵਰ ਨੇ ਲਾਲ ਬੱਤੀ ਨੂੰ ਅਣਗੌਲਿਆ ਕੀਤਾ ਸੀ। ਜਦੋਂ ਬੱਸ ਰੇਲ ਪੱਟੜੀ ’ਤੇ ਪਹੁੰਚੀ ਤਾਂ ਟਰੇਨ ਦੇ ਲੰਘਣ ਲਈ ਰੇਲਵੇ ਫਾਟਕ ਦੋਹਾਂ ਪਾਸਿਆਂ ਤੋਂ ਬੰਦ ਹੋ ਚੁੱਕਾ ਸੀ, ਜਿਸ ਕਾਰਨ ਬੱਸ ਉਥੇ ਹੀ ਫਸ ਗਈ। ਇਸ ਤੋਂ ਬਾਅਦ ਹਫੜਾ-ਦਫੜੀ ਮਚ ਗਈ। ਸਥਾਨਕ ਲੋਕ ਜਲਦੀ ਹੀ ਪੱਟੜੀ ’ਤੇ ਇਕੱਠੇ ਹੋ ਗਏ ਅਤੇ ਉਨ੍ਹਾਂ ਟਰੇਨ ਚਾਲਕ ਨੂੰ ਟਰੇਨ ਰੋਕਣ ਦਾ ਸੰਕੇਤ ਦਿੱਤਾ। ਅਧਿਕਾਰੀ ਨੇ ਦੱਸਿਆ ਕਿ ਪੱਟੜੀ ’ਤੇ ਬਹੁਤ ਸਾਰੇ ਲੋਕਾਂ ਨੂੰ ਇਕੱਠੇ ਹੁੰਦਿਆਂ ਦੇਖ ਕੇ ਲੋਕੋ ਪਾਇਲਟ ਨੂੰ ਲੱਗਾ ਕਿ ਕੁਝ ਗੜਬੜ ਹੈ, ਇਸ ਲਈ ਉਸ ਨੇ ਬ੍ਰੇਕ ਲਾਈ ਅਤੇ ਟਰੇਨ ਨੂੰ ਰੇਲਵੇ ਫਾਟਕ ਤੋਂ ਪਹਿਲਾਂ ਹੀ ਰੋਕ ਲਿਆ।

## ਸਿੱਧੂ ਮੂਸੇਵਾਲਾ ਕਤਲ ਕਾਂਡ 'ਚ ਫ਼ਿਰ ਨਹੀਂ ਹੋ ਸਕੀ ਗਵਾਹੀ, 16 ਅਗਸਤ ਤਕ ਟਲ਼ੀ ਸੁਣਵਾਈ



ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ’ਚ ਦੀਪਕ ਟੀਨੂੰ, ਦੀਪਕ ਮੁੰਡੀ, ਜੱਗੂ ਭਗਵਾਨਪੁਰੀਆ ਅਤੇ ਕਪਿਲ ਪੰਡਤ ਨੂੰ ਛੱਡ ਕੇ ਸਾਰੇ ਮੁਲਜ਼ਮਾਂ ਦੀ ਅਦਾਲਤ ਵਿਚ ਵੀਡੀਓ ਕਾਨਫਰਸਿੰਗ ਦੇ ਜ਼ਰੀਏ ਪੇਸ਼ੀ ਹੋਈ। ਵਕੀਲਾਂ ਦੀ ਹੜਤਾਲ ਕਾਰਨ ਇਸ ਮਾਮਲੇ ਦੀ ਅਗਲੀ ਸੁਣਵਾਈ 16 ਅਗਸਤ 2024 ਨਿਰਧਾਰਿਤ ਕੀਤੀ ਗਈ ਹੈ।ਸਿੱਧੂ ਮੂਸੇਵਾਲਾ ਨਾਲ ਘਟਨਾ ਸਮੇਂ ਗੱਡੀ ਵਿਚ ਮੌਜੂਦ ਗਵਾਹਾਂ ਵੱਲੋਂ ਵੀ ਕੋਰਟ ਵਿਚ ਅਰਜ਼ੀ ਲਗਾਈ ਗਈ ਸੀ। ਅਦਾਲਤ ਪਹੁੰਚੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਅਗਲੀ ਪੇਸ਼ੀ 16 ਅਗਸਤ ਨਿਰਧਾਰਿਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਅਗਲੀ ਪੇਸ਼ੀ ’ਤੇ ਗਵਾਹ ਪੇਸ਼ ਹੋ ਜਾਣਗੇ, ਕਿਉਂਕਿ ਅੱਜ ਵਕੀਲਾਂ ਦੀ ਹੜਤਾਲ ਦੇ ਚੱਲਦੇ ਅਦਾਲਤ ਵਿਚ ਕੇਸ ਦੀ ਕਾਰਵਾਈ ਨਹੀਂ ਹੋਈ।ਬਲਕੌਰ ਸਿੰਘ ਵੱਲੋਂ ਲੋਕ ਸਭਾ ਵਿਚ ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਵੱਲੋਂ ਸਿੱਧੂ ਮੂਸੇਵਾਲਾ ਲਈ ਆਵਾਜ਼ ਉਠਾਉਣ ’ਤੇ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਵੱਲੋਂ ਪੰਜਾਬ ਦੇ ਸਾਰੇ ਸੰਸਦ ਮੈਂਬਰਾਂ ਨੂੰ ਸੰਸਦ ’ਚ ਸਿੱਧੂ ਮੂਸੇਵਾਲਾ ਦੇ ਇਨਸਾਫ ਲਈ ਆਵਾਜ਼ ਉਠਾਉਣ ਦੀ ਅਪੀਲ ਕੀਤੀ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਮਾਣਯੋਗ ਅਦਾਲਤ ’ਤੇ ਭਰੋਸਾ ਹੈ।

## ਵੱਡੀ ਵਾਰਦਾਤ ਨਾਲ ਦਹਿਲਿਆ ਪੰਜਾਬ! ਨੌਜਵਾਨ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ



ਮੋਗਾ ਤੋਂ ਵੱਡੀ ਵਾਰਦਾਤ ਸਾਹਮਣੇ ਆਈ ਹੈ। ਇੱਤੋਂ ਦੇ ਜ਼ੀਰਾ ਰੋਡ 'ਤੇ ਕਿਰਾਏ ਦੇ ਕਮਰੇ ਵਿਚ ਰਹਿ ਰਹੇ ਇਕ 27 ਸਾਲਾ ਨੌਜਵਾਨ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ ਹੈ। ਮ੍ਰਿਤਕ ਦੀ ਪਛਾਣ ਅਮਿਤ ਵਜੋਂ ਹੋਈ ਹੈ ਜੋ ਮੂਲ ਤੌਰ 'ਤੇ ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਦਾ ਰਹਿਣ ਵਾਲਾ ਹੈ ਤੇ ਕੁਝ ਦੇਰ ਪਹਿਲਾਂ ਹੀ ਇੱਥੇ ਕਿਰਾਏ ਦੇ ਕੁਆਰਟਰ ਵਿਚ ਰਹਿਣ ਆਇਆ ਸੀ। ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਲਾਸ਼ ਕਬਜ਼ੇ ਵਿਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਕ ਅਮਿਤ ਦਾ ਕਤਲ ਉਸ ਦੇ ਨਾਲ ਹੀ ਕਿਰਾਏ 'ਤੇ ਰਹਿਣ ਵਾਲੇ ਨੌਜਵਾਨ ਕਮਲਜੀਤ ਨੇ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਦੋਹਾਂ ਵਿਚਾਲੇ ਸਵੇਰੇ ਬਹਿਸਬਾਜ਼ੀ ਹੋ ਗਈ ਸੀ ਤੇ ਇਸ ਮਗਰੋਂ ਕਮਲਜੀਤ ਨੇ ਅਮਿਤ ਦਾ ਕਤਲ ਕਰ ਦਿੱਤਾ। ਕੁਆਰਟਰ ਦੇ ਮਾਲਕ ਨੇ ਦੱਸਿਆ ਕਿ ਅਮਿਤ ਕੁਮਾਰ ਕੁਝ ਦਿਨ ਪਹਿਲਾਂ ਹੀ ਕੁਆਰਟਰ ਵਿਚ ਰਹਿਣ ਆਇਆ ਸੀ। ਕਮਲ ਵੀ ਇੱਥੇ ਹੀ ਰਹਿੰਦਾ ਸੀ। ਦੋਹਾਂ ਵਿਚਾਲੇ ਹੋਏ ਝਗੜੇ ਮਗਰੋਂ ਕਮਲ ਨੇ ਅਮਿਤ ਦਾ ਕਤਲ ਕਰ ਦਿੱਤਾ। ਮੌਕੇ 'ਤੇ ਪਹੁੰਚੇ ਡੀ.ਐੱਸ.ਪੀ. ਵਰਿੰਦਰ ਸਿੰਘ ਨੇ ਦੱਸਿਆ ਕਿ ਅਮਿਤ ਯੂ.ਪੀ. ਦਾ ਰਹਿਣ ਵਾਲਾ ਹੈ ਤੇ ਉਸ ਦਾ ਕਮਲ ਨਾਲ ਮਾਮੂਲੀ ਝਗੜਾ ਹੋ ਗਿਆ ਸੀ, ਜਿਸ ਵਿਚ ਕਮਲ ਨੇ ਅਮਿਤ ਦਾ ਕਤਲ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬਿਆਨ ਲੈ ਕੇ ਮਾਮਲਾ ਦਰਜ ਕੀਤਾ ਜਾ ਰਿਹਾ ਹੈ ਤੇ ਜੋ ਵੀ ਬਣਦੀ ਕਾਰਵਾਈ ਹੋਵੇਗੀ ਉਹ ਅਮਲ ਵਿਚ ਲਿਆਂਦੀ ਜਾਵੇਗੀ।

## ਸ਼ਮਸ਼ਾਨਘਾਟ 'ਚੋਂ ਤੜਕੇ ਹੀ ਦਰੱਖ਼ਤ ਨਾਲ ਲਟਕਦੀ ਮਿਲੀ ਲਾਸ਼



ਵਿਧਾਨ ਸਭਾ ਹਲਕਾ ਫਿਲੌਰ ਦੇ ਪਿੰਡ ਪਾਸਲਾ ਦੰਦੂਵਾਲ ਦੇ ਸਾਂਝੇ ਸ਼ਮਸ਼ਾਨਘਾਟ ਵਿਖੇ ਅੱਜ ਤੜਕੇ ਇਕ ਰੁੱਖ ਨਾਲ ਲਟਕੀ ਹੋਈ ਵਿਅਕਤੀ ਦੀ ਲਾਸ਼ ਬਰਾਮਦ ਹੋਣ ਤੋਂ ਬਾਅਦ ਇਲਾਕੇ 'ਚ ਸਨਸਨੀ ਫੈਲ ਗਈ। ਪੁਲਸ ਇਸ ਨੂੰ ਸੁਸਾਈਡ ਦੱਸ ਰਹੀ ਹੈ ਜਦਕਿ ਪਰਿਵਾਰਕ ਮੈਂਬਰ ਕਤਲ ਦਾ ਦੋਸ਼ ਲਗਾਉਂਦੇ ਹੋਏ ਪੁਲਸ ਦੀ ਕਾਰਵਾਈ 'ਤੇ ਸਵਾਲੀਆ ਨਿਸ਼ਾਨ ਖੜ੍ਹੇ ਕਰ ਰਹੇ ਹਨ।


ਮ੍ਰਿਤਕ ਦੀ ਪਛਾਣ ਸੁਖਵਿੰਦਰ ਪਾਲ ਪੁੱਤਰ ਤਰਸੇਮ ਲਾਲ ਵਾਸੀ ਪਿੰਡ ਪਾਸਲਾ ਵਜੋਂ ਕੀਤੀ ਗਈ ਹੈ। ਉਧਰ ਪਿੰਡ ਵਾਸੀ ਪੁਲਸ ਦੀ ਕਾਰਵਾਈ ਤੋਂ ਸੰਤੁਸ਼ਟ ਨਹੀਂ ਨਜ਼ਰ ਆਏ, ਪਿੰਡ ਵਾਸੀਆਂ ਨੇ ਕਿਹਾ ਕਿ ਜਿਸ ਰੁੱਖ ਨਾਲ ਲਾਸ਼ ਲਟਕ ਰਹੀ ਸੀ ਉਹ ਬਹੁਤ ਹੀ ਪਤਲਾ ਹੈ ਅਤੇ ਜੋ ਸੁਸਾਈਡ ਨੋਟ ਪੁਲਸ ਦੱਸ ਰਹੀ ਹੈ, ਉਹ ਉਨ੍ਹਾਂ ਨੇ ਪਰਿਵਾਰ ਨੂੰ ਨਹੀਂ ਵਿਖਾਇਆ। ਪਿੰਡ ਵਾਸੀਆਂ ਨੇ ਕਿਹਾ ਕਿ ਇਹ ਕਤਲ ਦਾ ਮਾਮਲਾ ਹੋ ਸਕਦਾ ਹੈ। ਪਿੰਡ ਵਾਸੀ ਇਸ ਗੱਲੋਂ ਨੂੰ ਖ਼ਫ਼ਾ ਨਜ਼ਰ ਆਏ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰ ਜੋ ਪਿੰਡ ਬਹਿਰਾਮ ਨੇੜੇ ਫਗਵਾੜਾ ਤੋਂ ਆ ਰਹੇ ਸਨ, ਉਨ੍ਹਾਂ ਨੂੰ ਲਾਸ਼ ਨਹੀਂ ਵਿਖਾਈ ਗਈ ਅਤੇ ਜਦੋਂ ਦੂਜੇ ਪਾਸੇ ਉਸ ਦੇ ਪਿਤਾ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ ਮੇਰੇ ਪੁੱਤਰ ਦਾ ਸੁਸਾਈਡ ਨਹੀਂ ਹੈ ਇਹ ਕਤਲ ਕੀਤਾ ਹੋਇਆ ਲੱਗ ਰਿਹਾ ਹੈ ਅਤੇ ਉਨ੍ਹਾਂ ਨੇ ਦੱਸਿਆ ਕਿ ਨਾ ਕੋਈ ਮੌਕੇ ਦੀ ਸੀ. ਸੀ. ਟੀ. ਵੀ. ਫੁਟੇਜ ਵਗੈਰਾ ਚੈੱਕ ਕੀਤੀ ਅਤੇ ਨਾ ਹੀ ਕੋਈ ਵੀ ਬਣਦੀ ਕਾਰਵਾਈ ਸੁਚੱਜੇ ਢੰਗ ਨਾਲ ਕਰ ਰਹੇ। ਉਨ੍ਹਾਂ ਨੇ ਪੁਲਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨੂੰ ਬੇਨਤੀ ਕੀਤੀ ਹੈ ਕਿ ਸਾਨੂੰ ਪੂਰਾ ਜਾਂਚ ਕਰਕੇ ਇਨਸਾਫ਼ ਦਿਵਾਇਆ ਜਾਵੇ। ਮੌਕੇ 'ਤੇ ਪਹੁੰਚੇ ਐੱਸ. ਐੱਚ. ਓ. ਨੂਰਮਹਿਲ ਵਰਿੰਦਰ ਪਾਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਰਸ ਵਿੱਚੋਂ ਇਕ ਸੂਸਾਈਡ ਨੋਟ ਪੁਲਸ ਨੂੰ ਬਰਾਮਦ ਹੋਇਆ ਹੈ, ਜਿਸ ਵਿੱਚ ਮਾਨਸਿਕ ਪਰੇਸ਼ਾਨੀ ਦੇ ਚਲਦਿਆਂ ਖ਼ੁਦਕੁਸ਼ੀ ਕਰਨ ਬਾਰੇ ਲਿਖਿਆ ਹੋਇਆ ਹੈ ਅਤੇ ਲਿਖਿਆ ਹੈ ਕਿ ਉਸ ਦਾ ਅੰਤਿਮ ਸੰਸਕਾਰ ਵੀ ਉਸ ਦੇ ਪਿੰਡ ਪਾਸਲਾ ਵਿਖੇ ਕੀਤਾ ਜਾਵੇ। ਪਰਿਵਾਰਕ ਮੈਂਬਰ ਜਿਨਾਂ ਵਿੱਚ ਉਸ ਦੀ ਪਤਨੀ ਅਤੇ ਬੱਚੇ ਜੋ ਬਹਿਰਾਮ ਤੋਂ ਆਏ ਸਨ, ਉਨ੍ਹਾਂ ਨੂੰ ਸੁਸਾਈਡ ਨੋਟ ਵੀ ਪੜ੍ਹ ਸੁਣਾ ਵੀ ਦਿੱਤਾ ਹੈ ਅਤੇ ਵਿਖਾ ਦਿੱਤਾ ਗਿਆ। ਐੱਸ. ਐੱਚ. ਓ. ਨੇ ਦੱਸਿਆ ਕਿ ਮ੍ਰਿਤਕ ਸੁਖਵਿੰਦਰ ਪਾਲ ਪੁੱਤਰ ਤਰਸੇਮ ਲਾਲ ਦੀ ਉਮਰ ਕਰੀਬ 50 ਸਾਲ ਸੀ ਅਤੇ ਉਹ ਆਪਣੇ ਪਰਿਵਾਰ ਨਾਲ ਪਿੰਡ ਬਹਿਰਾਮ ਵਿਖੇ ਪਿਛਲੇ 20 ਸਾਲ ਤੋਂ ਰਹਿੰਦਾ ਸੀ। ਉਸ ਦੀ ਪਤਨੀ ਦਾ ਨਾਮ ਸੁਖਦੇਵ ਰਾਣੀ ਹੈ ਅਤੇ ਉਸ ਦੇ ਤਿੰਨ ਬੱਚੇ ਹਨ। ਉਹ ਲੁਧਿਆਣਾ ਵਿਖੇ ਆਟੋ ਚਲਾਉਣ ਦਾ ਕੰਮ ਕਰਦਾ ਸੀ। ਪੁਲਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਆਨਲਾਈਨ ਨਿਵੇਸ਼ ਦੇ ਨਾਂ ’ਤੇ 7.50 ਲੱਖ ਦੀ ਠੱਗੀ




ਸਾਈਬਰ ਠੱਗਾਂ ਨੇ ਆਨਲਾਈਨ ਨਿਵੇਸ਼ ’ਚ ਚੰਗਾ ਰਿਟਰਨ ਦਿਵਾਉਣ ਦਾ ਝਾਂਸਾ ਦੇ ਕੇ ਟੈਲੀਗ੍ਰਾਮ ਐਪ ਰਾਹੀਂ 7.50 ਲੱਖ ਰੁਪਏ ਦੀ ਠੱਗੀ ਮਾਰ ਲਈ। ਸੈਕਟਰ-41 ਦੇ ਵਸਨੀਕ ਨੀਰਜ ਕੁਮਾਰ ਨੇ ਦੱਸਿਆ ਕਿ ਉਹ ਪੰਜਾਬ ਏ. ਜੀ. ਦਫ਼ਤਰ ’ਚ ਕੰਮ ਕਰਦਾ ਹੈ। ਜਨਵਰੀ ’ਚ ਕਿੱਕ ਸਟਾਰਟਰ ਲਿਮਟਿਡ ਤੋਂ ਦੀਪਿਕਾ ਨਾਂ ਦੀ ਔਰਤ ਦਾ ਵਟਸਐਪ ’ਤੇ ਮੈਸਜ ਆਇਆ ਸੀ। ਔਰਤ ਨੇ ਕਿਹਾ ਕਿ ਉਹ ਆਨਲਾਈਨ ਰੇਟਿੰਗ ਦੇ ਕੇ ਪੈਸੇ ਕਮਾ ਸਕਦੇ ਹਨ। ਸ਼ਿਕਾਇਤਕਰਤਾ ਉਲਝ ਗਿਆ ਅਤੇ ਤਿੰਨ ਹੋਟਲਾਂ ਦੀ ਰੇਟਿੰਗ ਦਾ ਕੰਮ ਪੂਰਾ ਕਰਨ ਤੋਂ ਬਾਅਦ ਉਸ ਦੇ ਖ਼ਾਤੇ ’ਚ 150 ਰੁਪਏ ਆ ਗਏ। ਇਸ ਤੋਂ ਬਾਅਦ ਸ਼ਿਕਾਇਤਕਰਤਾ ਨੂੰ ਟੈਲੀਗ੍ਰਾਮ ਸਮੂਹ ’ਚ ਸ਼ਾਮਲ ਕੀਤਾ ਗਿਆ ਤੇ ਆਨਲਾਈਨ ਵਪਾਰ ਅਤੇ ਨਿਵੇਸ਼ ਲਈ ਖ਼ਾਤਾ ਖੋਲ੍ਹਿਆ ਗਿਆ। ਮੁਲਜ਼ਮਾਂ ਦੇ ਕਹਿਣ ’ਤੇ 1 ਹਜ਼ਾਰ ਦਾ ਨਿਵੇਸ਼ ਕੀਤਾ ਤੇ ਖ਼ਾਤੇ ’ਚ 1625 ਰੁਪਏ ਆ ਗਏ। ਇਸ ਤੋਂ ਬਾਅਦ ਧੋਖੇਬਾਜ਼ਾਂ ਨੇ ਨਿਵੇਸ਼ ਸਬੰਧੀ ਹਦਾਇਤਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਮੁਲਜ਼ਮਾਂ ਦੇ ਕਹਿਣ ’ਤੇ ਕਰੀਬ ਸਾਢੇ ਸੱਤ ਲੱਖ ਰੁਪਏ ਵੱਖ-ਵੱਖ ਖ਼ਾਤਿਆਂ ’ਚ ਜਮ੍ਹਾਂ ਕਰਵਾਏ ਪਰ ਕੋਈ ਲਾਭ ਨਹੀਂ ਹੋਇਆ। ਧੋਖੇਬਾਜ਼ ਹੋਰ ਪੈਸੇ ਲਾਉਣ ਦੀ ਮੰਗ ਕਰਦੇ ਰਹੇ। ਅਖ਼ੀਰ ਸ਼ਿਕਾਇਤਕਰਤਾ ਨੇ ਠੱਗੀ ਦਾ ਅਹਿਸਾਸ ਹੋਣ ’ਤੇ ਪੁਲਸ ਨੂੰ ਸ਼ਿਕਾਇਤ ਕੀਤੀ।

## ਨਿੱਜੀ ਯੂਨੀਵਰਸਿਟੀ ‘ਚ ਉਸਾਰੀ ਦੇ ਕੰਮ ਦੌਰਾਨ ਵਾਪਰਿਆ ਹਾਦਸਾ



ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਲੋਹਾ ਨਗਰੀ ਮੰਡੀ ਗੋਬਿੰਦਗੜ੍ਹ ਦੀ ਰਿਮਟ ਯੂਨੀਵਰਸਿਟੀ ਵਿੱਚ ਬਿਲਡਿੰਗ ਨੂੰ ਬਿਨਾਂ ਖਾਲੀ ਕਰਵਾਏ ਉੱਥੇ ਉਸਾਰੀ ਦਾ ਕੰਮ ਕਰਵਾਇਆ ਜਾ ਰਿਹਾ ਸੀ। ਇਸ ਦੌਰਾਨ ਭਾਰੀ ਲੋਹੇ ਦੀ ਪਲੇਟਾਂ/ਟਾਈਲਾਂ ਯੂਨੀਵਰਸਿਟੀ ਵਿੱਚ ਲਾਇਬ੍ਰੇਰੀਅਨ ਵਜੋਂ ਕੰਮ ਕਰਦੀ ਇੱਕ ਲੜਕੀ ਉਤੇ ਡਿੱਗ ਗਈ, ਜਿਸ ਨਾਲ ਉਸਦੀ ਮੌਤ ਹੋ ਗਈ। ਮ੍ਰਿਤਕਾ ਦੀ ਪਛਾਣ ਅਮਨਦੀਪ ਕੌਰ ਵਜੋਂ ਹੋਈ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਵਲੋਂ ਯੂਨੀਵਰਸਿਟੀ ਦੇ ਮਾਲਕਾਂ ਤੇ ਪ੍ਰਬੰਧਕਾਂ ਵਿਰੁੱਧ ਸਖਤ ਕਾਰਵਾਈ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਥਾਣਾ ਸਰਹਿੰਦ ਵਿਖੇ ਇਕੱਠੇ ਹੋਏ ਰੋਸ ਪ੍ਰਗਟ ਕੀਤਾ। ਇਸ ਮੌਕੇ ਪਰਿਵਾਰਕ ਮੈਂਬਰਾਂ ਨੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਰਿਮਟ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਪੈਸੇ ਦੀ ਧੌਂਸ ਦਿਖਾ ਦੇ ਮਾਮਲੇ ਨੂੰ ਦਬਾਉਣਾ ਚਾਹੁੰਦੇ ਹਨ ਜਦੋਂ ਕਿ ਉਨਾਂ ਦੀ ਲੜਕੀ ਦੀ ਮੌਤ ਲਈ ਕ੍ਰੇਨ ਆਪਰੇਟਰ ਨਹੀਂ ਯੂਨੀਵਰਸਿਟੀ ਦੇ ਮਾਲਕ ਤੇ ਪ੍ਰਬੰਧਕ ਜ਼ਿੰਮੇਵਾਰ ਹਨ। ਜਿਹਨਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ।ਉਥੇ ਹੀ ਇਸ ਮਾਮਲੇ ਸਬੰਧੀ ਡੀ.ਐਸ.ਪੀ. ਸੁਖਨਾਜ਼ ਸਿੰਘ ਨੇ ਕਿਹਾ ਕਿ ਜਾਂਚ ਕੀਤੀ ਜਾ ਰਹੀ ਹੈ ਜੋ ਵੀ ਦੋਸ਼ੀ ਹੋਵੇਗਾ ਉਸ ਖਿਲਾਫ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।


## ਸ਼ੰਭੂ ਮੋਰਚੇ ‘ਤੇ ਨਿਰਵਿਘਨ ਬਿਜਲੀ ਸਪਲਾਈ ਲਈ ਲਗਾਇਆ ਜਾਵੇਗਾ ਟ੍ਰਾਂਸਫਾਰਮਰ



ਸ਼ੰਭੂ ਮੋਰਚੇ ’ਤੇ ਬਿਜਲੀ ਦੀ ਆ ਰਹੀ ਸਮੱਸਿਆ ਅਤੇ ਹੋਰ ਮੰਗਾਂ ਨੂੰ ਲੈ ਕੇ ਗਗਨ ਚੌਕ ਵਿਖੇ ਕਿਸਾਨਾਂ ਵੱਲੋਂ ਧਰਨਾ ਲਗਾਇਆ ਗਿਆ ਸੀ। ਪਰ ਇਸ ਧਰਨੇ ਨੂੰ ਮੀਟਿੰਗ ਵਿਚ ਬਦਲ ਕੇ ਪਟਿਆਲਾ ਦੇ ਏ.ਡੀ.ਸੀ. (ਡਿਵੈਲਪਮੈਂਟ) ਡਾ. ਰਾਜਿੰਦਰ ਸਿੰਘ ਆਈ.ਏ.ਐੱਸ. ਨੇ ਕਿਸਾਨ ਵਫਦ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਮੰਗਾਂ ਮੰਨੀਆਂ ਜਾਣਗੀਆਂ।

ਸਰਕਾਰ ਕਿਸਾਨਾਂ ਦੇ ਰੋਹ ਅੱਗੇ ਝੁਕਦੀ ਨਜ਼ਰ ਆਈ ਤੇ ਬਿਜਲੀ ਦੇ ਟ੍ਰਾਂਸਫਾਰਮਰ ਸ਼ੰਭੂ ਮੋਰਚਾ ’ਤੇ ਤੁਰੰਤ ਲਾਉਣ ਦੇ ਆਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਕਿਸਾਨਾਂ ਵੱਲੋਂ ਜਿੰਨੀਆਂ ਵੀ ਮੰਗਾ ਸਨ ਉਸ ਹਰ ਮੰਗ ਨੂੰ ਪੂਰਾ ਕਰਨਾ ਯਕੀਨੀ ਬਣਾਇਆ ਜਾ ਰਿਹਾ ਹੈ। ਦੱਸ ਦੇਈਏ ਕਿ ਕਿਸਾਨਾਂ ਦੀਆਂ ਮੰਗਾ ਵਿੱਚ ਫੌਗਿੰਗ, ਡਾਕਟਰ ਦੀ ਮੌਜੂਦਗੀ ਆਦਿ ਸ਼ਾਮਲ ਹਨ।ਜ਼ਿਕਰਯੋਗ ਹੈ ਕਿ ਪੰਜਾਬ ਦੇ ਕਿਸਾਨਾਂ ਵੱਲੋਂ ਲਗਾਤਾਰ ਕਿਸਾਨੀ ਮੰਗਾਂ ਨੂੰ ਲੈ ਕੇ ਦਿੱਲੀ ਵਿਖੇ ਜਾ ਕੇ ਕੀਤੇ ਜਾਣ ਵਾਲੇ ਸੰਘਰਸ਼ ਦੀ ਲੜੀ ਤਹਿਤ ਹਰਿਆਣਾ ਸਰਕਾਰ ਵੱਲੋਂ ਦਿੱਲੀ ਨੂੰ ਜਾਣ ਵਾਲੇ ਰਾਹ ਨੂੰ ਬੰਦ ਕੀਤੇ ਜਾਣ ਦੇ ਚਲਦਿਆਂ ਕਿਸਾਨਾਂ ਨੂੰ ਪੰਜਾਬ ਦੇ ਦੋ ਪ੍ਰਮੁੱਖ ਬਾਰਡਰਾਂ ਸ਼ੰਭੂ ਤੇ ਖਨੌਰੀ ਵਿਖੇ ਲੰਮੇ ਸਮੇਂ ਤੋਂ ਧਰਨਾ ਲਾਇਆ ਹੋਇਆ ਹੈ। ਕਿਸਾਨਾਂ ਵਲੋਂ ਕਿਸਾਨੀ ਮੰਗਾਂ ਦੀ ਪੂਰਤੀ ਲਈ ਕਿਸੇ ਵੀ ਤਰ੍ਹਾਂ ਦਾ ਸਰਕਾਰੀ ਲਾਲੀਪੋਪ ਨਾ ਲੈ ਕੇ ਸੰਘਰਸ਼ ਜਾਰੀ ਰੱਖਿਆ ਹੋਇਆ ਹੈ।

# ਦਿਲੀਪ ਕੁਮਾਰ ਦਾ ਬੰਗਲਾ ਢਾਹ ਕੇ ਬਣੀ ਆਲੀਸ਼ਾਨ ਇਮਾਰਤ,




ਮਰਹੂਮ ਅਦਾਕਾਰ ਦਿਲੀਪ ਕੁਮਾਰ ਦੇ ਬਾਂਦਰਾ ਦੇ ਪਾਲੀ ਹਿੱਲ ਬੰਗਲੇ ਨੂੰ ਪਿਛਲੇ ਸਾਲ ਢਾਹ ਕੇ ਇਥੇ ਹਾਊਸਿੰਗ ਕੰਪਲੈਕਸ ਬਣਾਉਣ ਦਾ ਕੰਮ ਸ਼ੁਰੂ ਹੋ ਗਿਆ ਸੀ। ਹੁਣ ਇਸ ਵਿਚ ਇਕ ਆਲੀਸ਼ਾਨ ਅਪਾਰਟਮੈਂਟ 155 ਕਰੋੜ ਰੁਪਏ ਵਿਚ ਵੇਚਿਆ ਗਿਆ ਹੈ। ਹਾਲਾਂਕਿ, 9.3 ਕਰੋੜ ਰੁਪਏ ਦੀ ਸਟੈਂਪ ਡਿਊਟੀ ਅਤੇ 30,000 ਰੁਪਏ ਦੀ ਰਜਿਸਟ੍ਰੇਸ਼ਨ ਫੀਸ ਸਮੇਤ ਟ੍ਰਿਪਲੈਕਸ ਅਪਾਰਟਮੈਂਟ ਦਾ ਇਹ ਸੌਦਾ ਲੱਗਭਗ 172 ਕਰੋੜ ਰੁਪਏ ’ਚ ਪਿਆ ਹੈ। ਇਹ ਅਪਾਰਟਮੈਂਟ 9,527.21 ਵਰਗ ਫੁੱਟ ’ਚ ਫੈਲਿਆ ਹੋਇਆ ਹੈ। ਇਸ ਅਪਾਰਟਮੈਂਟ ਨੂੰ ਐਪਕੋ ਇਨਫਰਾਟੈੱਕ ਪ੍ਰਾਈਵੇਟ ਲਿਮਟਿਡ ਵਲੋਂ ਖਰੀਦਿਆ ਗਿਆ ਹੈ। ਇਹ ਟ੍ਰਿਪਲੈਕਸ ਬਿਲਡਿੰਗ ਦੇ 9ਵੇਂ, 10ਵੇਂ ਅਤੇ 11ਵੇਂ ਫਲੋਰ ’ਤੇ ਫੈਲਿਆ ਹੋਇਆ ਹੈ। ਪ੍ਰਤੀ ਵਰਗ ਫੁੱਟ ਕੀਮਤ 1.62 ਲੱਖ ਰੁਪਏ ਪਈ। ਇਸ ਤੋਂ ਇਲਾਵਾ ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਹੈ। ਜਿਸ ਥਾਂ ’ਤੇ ਇਹ ਹਾਊਸਿੰਗ ਕੰਪਲੈਕਸ ਹੈ, ਉਹ ਦਿਲੀਪ ਕੁਮਾਰ ਦੇ ਬੰਗਲੇ ਨੂੰ ਢਾਹ ਕੇ ਬਣਾਇਆ ਗਿਆ ਹੈ। ਉਨ੍ਹਾਂ 1953 ਵਿਚ ਇਸਨੂੰ ਮੁਹੰਮਦ ਲਤੀਫ ਤੋਂ 1.4 ਲੱਖ ਰੁਪਏ ਵਿਚ ਖਰੀਦਿਆ ਸੀ। ਇਸ ਤੋਂ ਬਾਅਦ ਉਹ ਇਥੇ ਲੱਗਭਗ 50 ਸਾਲ ਤੱਕ ਰਹੇ। ਹੁਣ ਇਤਿਹਾਸ ਬਣ ਚੁੱਕਾ ਇਹ ਬੰਗਲਾ ਕਈ ਸਾਲਾਂ ਤੱਕ ਕਾਨੂੰਨੀ ਵਿਵਾਦਾਂ ਵਿਚ ਘਿਰਿਆ ਹੋਇਆ ਸੀ। ਦਿਲੀਪ ਕੁਮਾਰ ਦਾ 98 ਸਾਲ ਦੀ ਉਮਰ ਵਿਚ 7 ਜੁਲਾਈ, 2021 ਵਿਚ ਦਿਹਾਂਤ ਹੋ ਗਿਆ ਸੀ।

# ਦਲਜੀਤ ਕੌਰ ਨੂੰ ਕੀਨੀਆ ਦੀ ਅਦਾਲਤ ਤੋਂ ਮਿਲੀ ਰਾਹਤ



ਦਲਜੀਤ ਕੌਰ ਪਿਛਲੇ ਕਈ ਹਫ਼ਤਿਆਂ ਤੋਂ ਸੁਰਖੀਆਂ 'ਚ ਹੈ। ਉਸ ਦਾ ਵਿਆਹੁਤਾ ਜੀਵਨ ਠੀਕ ਨਹੀਂ ਚੱਲ ਰਿਹਾ ਹੈ। ਸੂਤਰਾਂ ਦੀ ਮੰਨੀਏ ਤਾਂ ਦਲਜੀਤ ਕੌਰ ਅਤੇ ਉਸ ਦੇ ਪਤੀ ਨਿਖਿਲ ਪਟੇਲ ਵਿਚਾਲੇ ਹਾਲਾਤ ਅਜੇ ਵੀ ਸੁਧਰੇ ਨਹੀਂ ਹਨ। ਹੁਣ ਇੱਕ ਨਵੀਂ ਜਾਣਕਾਰੀ ਮੁਤਾਬਕ ਦਲਜੀਤ ਕੌਰ ਨੇ ਕੀਨੀਆ ਦੀ ਅਦਾਲਤ 'ਚ ਆਪਣੇ ਪਤੀ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਸੀ, ਜਿਸ 'ਚ ਉਸ ਨੂੰ ਕੁਝ ਰਾਹਤ ਮਿਲਦੀ ਨਜ਼ਰ ਆ ਰਹੀ ਹੈ।ਦਲਜੀਤ ਕੌਰ ਨੂੰ ਕੀਨੀਆ ਦੀ ਅਦਾਲਤ ਤੋਂ ਰਾਹਤ ਮਿਲਦੀ ਨਜ਼ਰ ਆ ਰਹੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਦਲਜੀਤ ਕੌਰ ਨੇ ਆਪਣੇ ਕੀਨੀਆ ਸਥਿਤ ਪਤੀ ਨਿਖਿਲ ਪਟੇਲ ਦੇ ਖਿਲਾਫ ਅਦਾਲਤ 'ਚ ਪਟੀਸ਼ਨ ਦਾਇਰ ਕੀਤੀ ਸੀ। ਜਿਸ 'ਚ ਉਸ ਨੇ ਅਪੀਲ ਕੀਤੀ ਸੀ ਕਿ ਨਿਖਿਲ ਪਟੇਲ ਉਸ ਨੂੰ ਅਤੇ ਉਸ ਦੇ ਪੁੱਤਰ ਨੂੰ ਕੀਨੀਆ 'ਚ ਆਪਣੇ ਘਰ ਤੋਂ ਬਾਹਰ ਨਾ ਕੱਢੇ। ਦੱਸਿਆ ਜਾ ਰਿਹਾ ਹੈ ਕਿ ਕੀਨੀਆ ਦੀ ਅਦਾਲਤ ਨੇ ਦਲਜੀਤ ਕੌਰ ਦੇ ਸਟੇਅ ਆਰਡਰ ਨੂੰ ਮਨਜ਼ੂਰੀ ਦੇ ਦਿੱਤੀ ਹੈ। ਹੁਣ ਉਹ ਆਪਣੇ ਪੁੱਤਰ ਨਾਲ ਘਰ 'ਚ ਰਹਿ ਸਕਦੀ ਹੈ। ਪਿਛਲੇ ਮਹੀਨੇ ਜੂਨ 'ਚ ਨਿਖਿਲ ਪਟੇਲ ਨੇ ਉਸ ਨੂੰ ਘਰ ਖਾਲੀ ਕਰਨ ਲਈ ਕਿਹਾ ਸੀ।ਅਦਾਕਾਰਾ ਨੇ ਆਪਣੇ ਇੰਸਟਾਗ੍ਰਾਮ ਤੋਂ ਇੱਕ ਪੋਸਟ ਸ਼ੇਅਰ ਕੀਤੀ ਜਿਸ ਨੂੰ ਬਾਅਦ 'ਚ ਉਸ ਨੇ ਡਿਲੀਟ ਕਰ ਦਿੱਤਾ। ਉਸ ਪੋਸਟ 'ਚ ਉਸ ਨੇ ਆਪਣੇ ਪਤੀ 'ਤੇ ਕਈ ਦੋਸ਼ ਲਗਾਏ ਸਨ। ਦਲਜੀਤ ਨੇ ਪੁੱਛਿਆ ਸੀ, 'ਵਿਆਹ ਤੋਂ ਬਾਹਰਲੇ ਸਬੰਧਾਂ ਬਾਰੇ ਤੁਹਾਡੀ ਕੀ ਰਾਏ ਹੈ। ਤੁਸੀਂ ਕਿਸ ਨੂੰ ਦੋਸ਼ੀ ਮੰਨਦੇ ਹੋ, ਲੜਕੀ ਜਾਂ ਪਤੀ ਜਾਂ ਪਤਨੀ?

# ਬਾਲੀਵੁੱਡ ਤੋਂ ਇਲਾਵਾ ਹਾਲੀਵੁੱਡ ਫ਼ਿਲਮਾਂ 'ਚ ਕੰਮ ਕਰਨਾ ਚਾਹੁੰਦੀ ਹੈ ਤ੍ਰਿਪਤੀ ਡਿਮਰੀ



ਤ੍ਰਿਪਤੀ ਡਿਮਰੀ ਇਨ੍ਹੀਂ ਦਿਨੀਂ ਫ਼ਿਲਮ 'ਬੈਡ ਨਿਊਜ਼' ਨੂੰ ਲੈ ਕੇ ਸੁਰਖੀਆਂ 'ਚ ਹੈ। ਫ਼ਿਲਮ 'ਚ ਅਦਾਕਾਰਾ ਦੀ ਅਦਾਕਾਰੀ ਨੂੰ ਆਲੋਚਕਾਂ ਅਤੇ ਦਰਸ਼ਕਾਂ ਦੁਆਰਾ ਸਰਾਹਿਆ ਗਿਆ ਹੈ। 'ਬੈਡ ਨਿਊਜ਼' ਦੇ ਪ੍ਰਦਰਸ਼ਨ ਨੇ ਤ੍ਰਿਪਤੀ ਡਿਮਰੀ ਦੀ ਪ੍ਰਸਿੱਧੀ ਨੂੰ ਹੋਰ ਵਧਾ ਦਿੱਤਾ ਹੈ। ਉਹ ਪਹਿਲਾਂ ਹੀ 'ਐਨੀਮਲ' ਦੀ ਸਫ਼ਲਤਾ ਦਾ ਆਨੰਦ ਮਾਣ ਰਹੀ ਸੀ, ਜਿਸ ਰਾਹੀਂ ਉਸ ਨੂੰ 'ਨੈਸ਼ਨਲ ਕਰੱਸ਼' ਦਾ ਟੈਗ ਵੀ ਮਿਲਿਆ। ਲਗਾਤਾਰ ਦੋ ਵੱਡੀਆਂ ਫ਼ਿਲਮਾਂ ਕਰਨ ਤੋਂ ਬਾਅਦ ਤ੍ਰਿਪਤੀ ਦੀਆਂ ਇੱਛਾਵਾਂ ਹੋਰ ਵੀ ਵੱਡੀਆਂ ਹੋ ਗਈਆਂ ਹਨ। ਉਹ ਹੁਣ ਆਪਣੇ ਕਰੀਅਰ 'ਚ ਨਵੇਂ ਖੰਭ ਜੋੜਨਾ ਚਾਹੁੰਦੀ ਹੈ। ਦਰਅਸਲ, ਤ੍ਰਿਪਤੀ ਡਿਮਰੀ ਨੇ ਹੁਣ ਹਾਲੀਵੁੱਡ ਫ਼ਿਲਮਾਂ 'ਚ ਜਾਣ ਦੀ ਇੱਛਾ ਜ਼ਾਹਰ ਕੀਤੀ ਹੈ। ਤ੍ਰਿਪਤੀ ਡਿਮਰੀ ਹੁਣ ਬਾਲੀਵੁੱਡ ਛੱਡ ਕੇ ਹਾਲੀਵੁੱਡ ਫ਼ਿਲਮਾਂ 'ਚ ਵੀ ਕੰਮ ਕਰਨਾ ਚਾਹੁੰਦੀ ਹੈ। ਰਿਪੋਰਟਾਂ ਮੁਤਾਬਕ ਅਦਾਕਾਰਾ ਇਸ ਸਮੇਂ ਪੱਛਮੀ ਫ਼ਿਲਮ ਉਦਯੋਗਾਂ 'ਚ ਉਸ ਦੀ ਪ੍ਰਤੀਨਿਧਤਾ ਕਰਨ ਲਈ ਇੱਕ ਏਜੰਟ ਦੀ ਭਾਲ ਕਰ ਰਹੀ ਹੈ ਅਤੇ ਉਹ ਇੱਕ ਅਜਿਹੀ ਫ਼ਿਲਮ 'ਚ ਇੱਕ ਛੋਟਾ ਜਿਹਾ ਹਿੱਸਾ ਲੈਣ ਲਈ ਵੀ ਤਿਆਰ ਹੈ ਜੋ ਉਸ ਦੇ ਕਰੀਅਰ ਨੂੰ ਅੱਗੇ ਵਧਾਉਣ 'ਚ ਸਹਾਇਤਾ ਕਰੇਗੀ।ਹਾਲ ਹੀ 'ਚ 'ਬੈਡ ਨਿਊਜ਼' ਦੇ ਪ੍ਰਮੋਸ਼ਨ ਦੌਰਾਨ ਤ੍ਰਿਪਤੀ ਨੇ ਖੁਲਾਸਾ ਕੀਤਾ ਕਿ ਉਹ ਪੱਛਮੀ ਪ੍ਰੋਜੈਕਟਾਂ ਲਈ ਆਡੀਸ਼ਨ ਦੇਣ ਦੀ ਯੋਜਨਾ ਬਣਾ ਰਹੀ ਹੈ ਅਤੇ ਇਸ ਦੇ ਲਈ ਇੱਕ ਏਜੰਟ ਦੀ ਤਲਾਸ਼ ਕਰ ਰਹੀ ਹੈ। ਤ੍ਰਿਪਤੀ ਡਿਮਰੀ ਨੇ ਕਿਹਾ, 'ਜੇਕਰ ਮੈਨੂੰ ਕਿਤੇ ਛੋਟੀ ਜਿਹੀ ਭੂਮਿਕਾ ਵੀ ਮਿਲਦੀ ਹੈ, ਤਾਂ ਮੈਂ ਸੋਚਾਂਗੀ ਕਿ ਇਹ ਅਸਲ 'ਚ ਮਦਦਗਾਰ ਹੋਵੇਗਾ, ਕਿਉਂਕਿ ਮੈਨੂੰ ਉੱਥੇ ਅਦਾਕਾਰਾਂ ਦੇ ਕੰਮ ਕਰਨ ਦਾ ਤਰੀਕਾ ਪਸੰਦ ਹੈ।'ਤ੍ਰਿਪਤੀ ਨੇ ਬਾਲੀਵੁੱਡ ਅਤੇ ਹਾਲੀਵੁੱਡ ਫ਼ਿਲਮਾਂ 'ਚ ਮਸ਼ਹੂਰ ਹੋ ਚੁੱਕੀ ਅਦਾਕਾਰਾ ਪ੍ਰਿਅੰਕਾ ਚੋਪੜਾ ਦੀ ਤਾਰੀਫ ਕੀਤੀ ਹੈ ਅਤੇ ਉਹ ਵੀ ਉਨ੍ਹਾਂ ਵਾਂਗ ਆਪਣਾ ਕਰੀਅਰ ਵਧਾਉਣਾ ਚਾਹੁੰਦੀ ਹੈ। ਇਸ ਦੌਰਾਨ ਵਿੱਕੀ ਕੌਸ਼ਲ, ਤ੍ਰਿਪਤੀ ਡਿਮਰੀ ਅਤੇ ਐਮੀ ਵਿਰਕ ਦੀ ਫ਼ਿਲਮ 'ਬੈਡ ਨਿਊਜ਼' ਵੱਡੇ ਪਰਦੇ 'ਤੇ ਧੂਮ ਮਚਾ ਰਹੀ ਹੈ। ਫ਼ਿਲਮ ਨੂੰ ਪ੍ਰਸ਼ੰਸਕਾਂ ਅਤੇ ਆਲੋਚਕਾਂ ਵੱਲੋਂ ਚੰਗੀਆਂ ਪ੍ਰਤੀਕਿਰਿਆਵਾਂ ਮਿਲ ਰਹੀਆਂ ਹਨ। ਫ਼ਿਲਮ ਨੇ ਹੁਣ ਤੱਕ 45.26 ਕਰੋੜ ਰੁਪਏ ਕਮਾ ਲਏ ਹਨ। ਅਦਾਕਾਰਾ ਦੀ ਆਉਣ ਵਾਲੀ ਫ਼ਿਲਮ ਦੀ ਗੱਲ ਕਰੀਏ ਤਾਂ ਉਹ ਅਗਲੀ ਫ਼ਿਲਮ 'ਭੂਲ ਭੁਲਾਇਆ 3' 'ਚ ਨਜ਼ਰ ਆਵੇਗੀ। ਇਸ ਫ਼ਿਲਮ 'ਚ ਉਹ ਪਹਿਲੀ ਵਾਰ ਕਾਰਤਿਕ ਆਰੀਅਨ ਨਾਲ ਸਕ੍ਰੀਨ ਸ਼ੇਅਰ ਕਰੇਗੀ। ਇਸ ਫ਼ਿਲਮ 'ਚ ਵਿਦਿਆ ਬਾਲਨ ਅਤੇ ਮਾਧੁਰੀ ਦੀਕਸ਼ਿਤ ਵੀ ਮੁੱਖ ਭੂਮਿਕਾਵਾਂ 'ਚ ਨਜ਼ਰ ਆਉਣਗੀਆਂ। ਇਹ ਫ਼ਿਲਮ ਇਸ ਸਾਲ ਰਿਲੀਜ਼ ਹੋਵੇਗੀ।

# Arjun ਕਪੂਰ-Malaika Arora ਦਾ ਬ੍ਰੇਕਅੱਪ ਹੋਇਆ ਕੰਨਫਰਮ?



ਬਾਲੀਵੁੱਡ 'ਚ ਪਿਆਰ ਅਤੇ ਰੋਮਾਂਸ ਕਦੋਂ ਸ਼ੁਰੂ ਹੁੰਦਾ ਹੈ ਅਤੇ ਕਦੋਂ ਖਤਮ ਹੁੰਦਾ ਹੈ, ਇਹ ਕਹਿਣਾ ਬਹੁਤ ਮੁਸ਼ਕਲ ਹੈ, ਪਿਛਲੇ ਕੁਝ ਦਿਨਾਂ ਅਤੇ ਮਹੀਨਿਆਂ 'ਚ ਕਈ ਜੋੜੇ ਵੱਖ ਹੋ ਗਏ ਹਨ ਅਤੇ ਇਸ ਸੂਚੀ 'ਚ ਇੱਕ ਨਾਮ ਅਰਜੁਨ ਅਤੇ ਮਲਾਇਕਾ ਦਾ ਹੈ ਜੋ ਲਗਭਗ 5 ਸਾਲਾਂ ਤੋਂ ਇਕੱਠੇ ਸਨ ਅਤੇ ਪ੍ਰਸ਼ੰਸਕਾਂ ਨੇ ਉਨ੍ਹਾਂ ਨੂੰ ਪਸੰਦ ਕੀਤਾ ਸੀ। ਮਲਾਇਕਾ ਅਤੇ ਅਰਜੁਨ ਦਾ ਰਿਸ਼ਤਾ ਬਾਲੀਵੁੱਡ ਦੇ ਗਲਿਆਰਿਆਂ 'ਚ ਚਰਚਾ ਦਾ ਵਿਸ਼ਾ ਬਣ ਰਿਹਾ ਸੀ, ਇਸ ਦਾ ਇਕ ਕਾਰਨ ਉਨ੍ਹਾਂ ਦੀ ਉਮਰ ਦਾ ਫਰਕ ਸੀ। ਹਾਲਾਂਕਿ ਪਿਛਲੇ ਕੁਝ ਸਮੇਂ ਤੋਂ ਅਜਿਹੀਆਂ ਖਬਰਾਂ ਆ ਰਹੀਆਂ ਹਨ ਕਿ ਦੋਵੇਂ ਵੱਖ ਹੋ ਗਏ ਹਨ ਅਤੇ ਇਸ ਦਾ ਸਬੂਤ ਹਾਲ ਹੀ 'ਚ ਹੋਏ ਇਕ ਈਵੈਂਟ 'ਚ ਦੇਖਣ ਨੂੰ ਮਿਲਿਆ, ਜਿੱਥੇ ਦੋਵੇਂ ਇਕ-ਦੂਜੇ ਨੂੰ ਨਜ਼ਰਅੰਦਾਜ਼ ਕਰਦੇ ਹੋਏ ਦੂਰੀ ਬਣਾ ਕੇ ਰੱਖਦੇ ਨਜ਼ਰ ਆਏ। ਮਲਾਇਕਾ ਅਰੋੜਾ ਅਤੇ ਅਰਜੁਨ ਕਪੂਰ ਨੇ ਅਜੇ ਤੱਕ ਆਪਣੇ ਬ੍ਰੇਕਅੱਪ ਬਾਰੇ ਖੁੱਲ੍ਹ ਕੇ ਗੱਲ ਨਹੀਂ ਕੀਤੀ ਹੈ। ਪਰ ਆਪਣੇ ਵਿਗੜਦੇ ਰਿਸ਼ਤਿਆਂ ਦੀਆਂ ਖਬਰਾਂ ਦੇ ਵਿਚਕਾਰ, ਦੋਵੇਂ ਲਗਾਤਾਰ ਪੋਸਟਾਂ ਨੂੰ ਸਾਂਝਾ ਕਰ ਰਹੇ ਹਨ ਜੋ ਸੰਕੇਤ ਦਿੰਦੇ ਹਨ ਕਿ ਕੁਝ ਗਲਤ ਹੈ। ਹਾਲ ਹੀ 'ਚ ਮਲਾਇਕਾ ਅਤੇ ਅਰਜੁਨ ਨੇ ਦਿੱਲੀ 'ਚ ਇਕ ਇਵੈਂਟ 'ਚ ਸ਼ਿਰਕਤ ਕੀਤੀ ਸੀ, ਜਿੱਥੇ ਦੋਵਾਂ ਵਿਚਾਲੇ ਦੂਰੀ ਲੋਕਾਂ ਨੂੰ ਸਾਫ ਨਜ਼ਰ ਆ ਰਹੀ ਸੀ।ਪਾਪਰਾਜ਼ੀ ਵਾਇਰਲ ਭਯਾਨੀ ਨੇ ਇਕ ਵੀਡੀਓ ਸ਼ੇਅਰ ਕੀਤਾ ਹੈ, ਜਿਸ ਤੋਂ ਬਾਅਦ ਮਲਾਇਕਾ ਅਤੇ ਅਰਜੁਨ ਦੇ ਬ੍ਰੇਕਅੱਪ ਦੀਆਂ ਖਬਰਾਂ ਨੇ ਇਕ ਵਾਰ ਫਿਰ ਜ਼ੋਰ ਫੜ ਲਿਆ ਹੈ। ਇਸ ਤੋਂ ਪਹਿਲਾਂ ਦੋਵੇਂ ਕਿਸੇ ਵੀ ਈਵੈਂਟ 'ਚ ਇਕੱਠੇ ਪਹੁੰਚਦੇ ਸਨ ਅਤੇ ਇਕੱਠੇ ਬੈਠਦੇ ਸਨ। ਪਰ ਇਸ ਵਾਰ ਦੋਵੇਂ ਇਕ-ਦੂਜੇ ਨਾਲ ਨਹੀਂ ਸਗੋਂ ਦੂਰੀ 'ਤੇ ਬੈਠੇ ਨਜ਼ਰ ਆਏ ਅਤੇ ਕਈ ਵਾਰ ਇਕ ਦੂਜੇ ਨੂੰ ਨਜ਼ਰਅੰਦਾਜ਼ ਵੀ ਕਰ ਰਹੇ ਸਨ। ਇਹ ਵੀਡੀਓ 'ਚ ਸਾਫ ਦੇਖਿਆ ਜਾ ਸਕਦਾ ਹੈ।



# ਉਰਵਸ਼ੀ ਰੌਤੇਲਾ ਦਾ ਪ੍ਰਾਈਵੇਟ ਵੀਡੀਓ ਲੀਕ ਹੋਣ ਅਦਾਕਾਰਾ ਦਾ ਆਇਆ ਰਿਐਕਸ਼ਨ

ਉਰਵਸ਼ੀ ਰੌਤੇਲਾ ਪਿਛਲੇ ਕੁਝ ਦਿਨਾਂ ਤੋਂ ਇੱਕ ਵੀਡੀਓ ਕਾਰਨ ਸੁਰਖੀਆਂ 'ਚ ਹੈ। ਜਿਵੇਂ ਹੀ ਇਹ ਵੀਡੀਓ ਸਾਹਮਣੇ ਆਇਆ, ਉਰਵਸ਼ੀ ਰੌਤੇਲਾ ਦਾ ਪ੍ਰਾਈਵੇਟ ਵੀਡੀਓ ਲੀਕ ਹੋਣ ਦੀ ਖਬਰ ਫੈਲ ਗਈ। ਜਿਸ ਕਾਰਨ ਉਰਵਸ਼ੀ ਲਾਈਮਲਾਈਟ 'ਚ ਆ ਗਈ ਪਰ ਵੀਡੀਓ ਦੀ ਅਸਲੀਅਤ ਇਹ ਹੈ ਕਿ ਅਦਾਕਾਰਾ ਦੀ ਆਉਣ ਵਾਲੀ ਫ਼ਿਲਮ 'ਘੁਸਪੈਠੀਆ' ਦਾ ਇਕ ਕਲਿੱਪ ਵਾਇਰਲ ਕੀਤਾ ਜਾ ਰਿਹਾ ਹੈ। ਫ਼ਿਲਮ 'ਘੁਸਪੈਠੀਆ' ਦੇ ਨਿਰਮਾਤਾ ਉਰਵਸ਼ੀ ਰੌਤੇਲਾ ਦੇ ਇਸ ਵੀਡੀਓ ਨੂੰ ਪ੍ਰਾਈਵੇਟ ਵੀਡੀਓ ਦੱਸ ਕੇ ਪ੍ਰਮੋਟ ਕਰ ਰਹੇ ਸਨ। ਅਦਾਕਾਰਾ ਦੀ ਇਹ ਪ੍ਰਤੀਕਿਰਿਆ ਉਰਵਸ਼ੀ ਰੌਤੇਲਾ ਦੇ ਵੀਡੀਓ ਨੂੰ ਨਿੱਜੀ ਦੱਸ ਕੇ ਲੀਕ ਹੋਣ ਦੀਆਂ ਸਾਰੀਆਂ ਗਲਤ ਖਬਰਾਂ ਤੋਂ ਬਾਅਦ ਆਈ ਹੈ। ਅਦਾਕਾਰਾ ਨੇ ਸੋਸ਼ਲ ਮੀਡੀਆ 'ਤੇ ਤਸਵੀਰ ਪੋਸਟ ਕਰਕੇ ਹੈਰਾਨ ਕਰਨ ਵਾਲੀਆਂ ਲਾਈਨਾਂ ਲਿਖੀਆਂ ਹਨ।ਉਰਵਸ਼ੀ ਰੌਤੇਲਾ ਨੇ ਆਪਣੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ 'ਤੇ ਫ਼ਿਲਮ 'ਘੁਸਪੈਠੀਆ' ਨਾਲ ਜੁੜੀ ਇਕ ਪੋਸਟ ਸ਼ੇਅਰ ਕੀਤੀ ਹੈ। ਇਸ ਪੋਸਟ 'ਚ ਉਰਵਸ਼ੀ ਰੌਤੇਲਾ ਨਜ਼ਰ ਆ ਰਹੀ ਹੈ, ਅਦਾਕਾਰਾ ਨੇ ਪੋਸਟਰ ਦੇ ਨਾਲ ਕੈਪਸ਼ਨ 'ਚ ਲਿਖਿਆ, ''ਇੱਥੇ ਕੋਈ ਵੀ ਸੁਰੱਖਿਅਤ ਨਹੀਂ ਹੈ, ਨਾ ਅਸੀਂ, ਨਾ ਤੁਸੀਂ, ਨਾ ਹੀ ਸਾਡਾ ਰਾਜ!''ਅਦਾਕਾਰਾ ਨੇ ਆਪਣੀ ਪੋਸਟ 'ਚ ਦੱਸਿਆ ਹੈ ਕਿ ਫ਼ਿਲਮ ਦਾ ਟ੍ਰੇਲਰ ਸ਼ੁੱਕਰਵਾਰ ਨੂੰ ਰਿਲੀਜ਼ ਹੋਵੇਗਾ। ਫ਼ਿਲਮ 'ਘੁਸਪੈਠੀਆ' 9 ਅਗਸਤ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਣ ਜਾ ਰਹੀ ਹੈ, ਇਸ ਲਈ ਸਭ ਦੀਆਂ ਨਜ਼ਰਾਂ ਉਰਵਸ਼ੀ ਰੌਤੇਲਾ 'ਤੇ ਟਿਕੀਆਂ ਹੋਈਆਂ ਹਨ ਕਿਉਂਕਿ ਉਹ ਪਰਦੇ 'ਤੇ ਅਤੇ ਪਰਦੇ ਦੇ ਪਿੱਛੇ ਦਰਸ਼ਕਾਂ ਨੂੰ ਆਕਰਸ਼ਿਤ ਕਰਦੀ ਰਹਿੰਦੀ ਹੈ। ਫ਼ਿਲਮ 'ਘੁਸਪੈਠੀਆ' 'ਚ ਉਰਵਸ਼ੀ ਰੌਤੇਲਾ ਦੇ ਨਾਲ ਵਿਨੀਤ ਕੁਮਾਰ ਸਿੰਘ ਅਤੇ ਅਕਸ਼ੈ ਓਬਰਾਏ ਵਰਗੇ ਕਲਾਕਾਰ ਮੁੱਖ ਭੂਮਿਕਾਵਾਂ 'ਚ ਨਜ਼ਰ ਆਉਣ ਵਾਲੇ ਹਨ।

# ਮਾਂਗ 'ਚ ਟਿੱਕਾ ਅਤੇ ਸਿਰ 'ਤੇ ਪੱਲੂ ਰੱਖ ਕੇ ਸੋਨਾਕਸ਼ੀ ਸਿਨਹਾ ਨੇ ਕਰਵਾਇਆ ਟ੍ਰੈਡੀਸ਼ਨਲ ਫੋਟੋਸ਼ੂਟ

ਹਾਲ ਹੀ 'ਚ ਸੋਨਾਕਸ਼ੀ ਸਿਨਹਾ ਨੇ ਆਪਣੇ ਇੰਸਟਾਗ੍ਰਾਮ 'ਤੇ ਆਪਣੀਆਂ ਕੁਝ ਖੂਬਸੂਰਤ ਤਸਵੀਰਾਂ ਸ਼ੇਅਰ ਕੀਤੀਆਂ ਹਨ, ਜਿਸ 'ਚ ਪ੍ਰਸ਼ੰਸਕ ਉਸ ਦੇ ਸਟਾਈਲ ਅਤੇ ਲੁੱਕ ਨੂੰ ਕਾਫੀ ਪਸੰਦ ਕਰ ਰਹੇ ਹਨ। ਸੋਨਾਕਸ਼ੀ ਹਮੇਸ਼ਾ ਹੀ ਵੈਸਟਰਨ ਲੁੱਕ ਦੇ ਨਾਲ-ਨਾਲ ਟ੍ਰੈਡੀਸ਼ਨਲ ਅਤੇ ਐਥਨਿਕ ਲੁੱਕ 'ਚ ਵੀ ਬੇਹੱਦ ਖੂਬਸੂਰਤ ਲੱਗਦੀ ਹੈ। ਕੁਝ ਅਜਿਹਾ ਹੀ ਇਨ੍ਹਾਂ ਤਸਵੀਰਾਂ 'ਚ ਵੀ ਦੇਖਣ ਨੂੰ ਮਿਲ ਰਿਹਾ ਹੈ।ਉਹ ਟਿੱਕਾ ਅਤੇ ਸਿਰ 'ਤੇ ਪੱਲੂ ਰੱਖ ਕੇ ਪੋਜ਼ ਦਿੰਦੀ ਨਜ਼ਰ ਆ ਰਹੀ ਹੈ।ਸ਼ੇਅਰ ਕੀਤੀਆਂ ਗਈਆਂ ਤਸਵੀਰਾਂ 'ਚ ਸੋਨਾਕਸ਼ੀ ਇਕ ਵਾਰ ਫਿਰ ਐਥਨਿਕ ਅਤੇ ਟ੍ਰੈਡੀਸ਼ਨਲ ਲੁੱਕ 'ਚ ਨਜ਼ਰ ਆ ਰਹੀ ਹੈ। ਜਿੱਥੇ ਉਸ ਨੇ ਹਲਕੇ ਰੰਗ ਦੇ ਅਨਾਰਕਲੀ ਸੂਟ ਪਾਇਆ ਹੋਇਆ ਹੈ ਅਤੇ ਉਸ ਦੇ ਦੁੱਪਟੇ ਦੇ ਪੱਲਿਆਂ 'ਤੇ ਪੀਲਾ ਅਤੇ ਡਾਰਕ ਗੁਲਾਬੀ ਰੰਗ ਨਜ਼ਰ ਆ ਰਿਹਾ ਹੈ, ਜੋ ਉਸ ਦੀ ਖੂਬਸੂਰਤੀ ਨੂੰ ਹੋਰ ਵਧਾ ਰਹੇ ਹਨ। ਇਨ੍ਹਾਂ ਸਾਰੀਆਂ ਤਸਵੀਰਾਂ ਨੂੰ ਦੇਖਣ ਤੋਂ ਬਾਅਦ ਸਾਨੂੰ ਇਕ ਵਾਰ ਫਿਰ 'ਹੀਰਾਮੰਡੀ' ਦੇ 'ਫਰੀਦਾਨ' ਦੇ ਕਿਰਦਾਰ ਦੀ ਯਾਦ ਆ ਗਈ, ਜਿਸ ਨੂੰ ਸੋਨਾਕਸ਼ੀ ਸਿਨਹਾ ਨੇ ਬਹੁਤ ਵਧੀਆ ਢੰਗ ਨਾਲ ਨਿਭਾਇਆ ਸੀ ਅਤੇ ਉਸ ਦੇ ਸ਼ਾਨਦਾਰ ਅਤੇ ਦਮਦਾਰ ਕਿਰਦਾਰ ਨੂੰ ਵੀ ਕਾਫੀ ਪਸੰਦ ਕੀਤਾ ਗਿਆ ਸੀ।ਤਸਵੀਰਾਂ 'ਚ ਅਦਾਕਾਰਾ ਘੱਟ ਤੋਂ ਘੱਟ ਮੇਕਅੱਪ ਦੇ ਨਾਲ ਹੈਵੀ ਟਿੱਕਾ ਅਤੇ ਕੰਨਾਂ 'ਚ ਭਾਰੀ ਝੁਮਕੇ ਪਾਈ ਨਜ਼ਰ ਆ ਰਹੀ ਹੈ। ਉਸ ਦੇ ਇਸ ਲੁੱਕ ਨੂੰ ਫੈਨਜ਼ ਕਾਫੀ ਪਸੰਦ ਕਰ ਰਹੇ ਹਨ। ਉਹ ਉਸ ਦੀ ਕਾਫੀ ਤਾਰੀਫ ਵੀ ਕਰ ਰਹੇ ਹਨ। ਅਦਾਕਾਰਾ ਦੇ ਕੰਮ ਦੀ ਗੱਲ ਕਰੀਏ ਤਾਂ, ਉਹ ਆਖਰੀ ਵਾਰ ਆਦਿਤਿਆ ਸਰਪੋਤਦਾਰ ਦੁਆਰਾ ਨਿਰਦੇਸ਼ਤ ਡਰਾਉਣੀ-ਕਾਮੇਡੀ ਫ਼ਿਲਮ 'ਕਾਕੂਡਾ' 'ਚ ਨਜ਼ਰ ਆਈ ਸੀ, ਜਿਸ 'ਚ ਉਸ ਦੇ ਨਾਲ ਰਿਤੇਸ਼ ਦੇਸ਼ਮੁਖ ਅਤੇ ਸਾਕਿਬ ਸਲੀਮ ਦਿਖਾਈ ਦੇ ਰਹੇ ਹਨ। ਇਹ ਫ਼ਿਲਮ ਕੁਝ ਹਫਤੇ ਪਹਿਲਾਂ OTT ਪਲੇਟਫਾਰਮ Zee5 'ਤੇ ਸਟ੍ਰੀਮ ਕੀਤੀ ਗਈ ਸੀ।



## ਵੱਡਾ ਜਹਾਜ਼ ਹਾਦਸਾ, ਇੱਕ ਹੋਰ ਪਲੇਨ ਕ੍ਰੈਸ਼, ਕਈ ਲੋਕਾਂ ਦੀ ਮੌਤ



ਅਮਰੀਕਾ ਦੇ ਵਯੋਮਿੰਗ ਸੂਬੇ ਵਿੱਚ ਇੱਕ ਜਹਾਜ਼ ਹਾਦਸਾਗ੍ਰਸਤ ਹੋ ਗਿਆ, ਜਿਸ ਕਾਰਨ ਉਸ ਵਿੱਚ ਸਵਾਰ ਕਈ ਲੋਕਾਂ ਦੀ ਮੌਤ ਹੋ ਗਈ ਅਤੇ ਜੰਗਲ ਵਿੱਚ ਭਿਆਨਕ ਅੱਗ ਲੱਗ ਗਈ। ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਕੈਂਪਬੈਲ ਕਾਉਂਟੀ ਦੇ ਅਧਿਕਾਰੀਆਂ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਇਹ ਹਾਦਸਾ ਦੁਪਹਿਰ 1 ਵਜੇ ਦੇ ਕਰੀਬ ਵਾਪਰਿਆ ਜਦੋਂ ਜਹਾਜ਼ ਵਾਇਮਿੰਗ ਦੀ ਸਰਹੱਦ ਦੇ ਨੇੜੇ ਜਿਲੇਟ ਸ਼ਹਿਰ ਦੇ ਉੱਪਰ ਉੱਡ ਰਿਹਾ ਸੀ। ਉਨ੍ਹਾਂ ਕਿਹਾ ਕਿ ਹਾਦਸੇ ਵਿੱਚ ਮਰਨ ਵਾਲਿਆਂ ਦੀ ਗਿਣਤੀ ਅਜੇ ਸਪੱਸ਼ਟ ਨਹੀਂ ਹੈ। ਕੈਂਪਬੈਲ ਕਾਉਂਟੀ ਦੇ ਅੰਡਰਸ਼ੈਰਿਫ ਕਵਾਂਟਿਨ ਰੇਨੋਲਡਜ਼ ਨੇ ਜਿਲੇਟ ਨਿਊਜ਼ ਰਿਕਾਰਡ ਨੂੰ ਦੱਸਿਆ ਕਿ ਕਰੈਸ਼ ਹੋਣ ਤੋਂ ਪਹਿਲਾਂ ਪਾਇਲਟ ਨੇ ਐਮਰਜੈਂਸੀ ਸੁਨੇਹਾ ਭੇਜਿਆ ਸੀ ਜਿਸ ਤੋਂ ਪਤਾ ਚੱਲਦਾ ਸੀ ਕਿ ਜਹਾਜ਼ ਵਿੱਚ ਕੁਝ ਗੜਬੜ ਹੈ। ਉਨ੍ਹਾਂ ਦੱਸਿਆ ਕਿ ਬਾਅਦ ਵਿੱਚ ਇਲਾਕੇ ਦੇ ਲੋਕਾਂ ਨੇ ਫੋਨ ਕਰਕੇ ਸੰਭਾਵਿਤ ਹਾਦਸੇ ਵਾਲੀ ਥਾਂ ਨੇੜੇ ਧੂੰਆਂ ਉੱਠਣ ਦੀ ਸੂਚਨਾ ਦਿੱਤੀ। ਅਧਿਕਾਰੀਆਂ ਮੁਤਾਬਕ ਜਹਾਜ਼ ਦੇ ਕਰੈਸ਼ ਹੋਣ ਕਾਰਨ ਜਿਲੇਟ ਦੇ ਆਲੇ-ਦੁਆਲੇ ਦੇ ਜੰਗਲਾਂ 'ਚ ਭਿਆਨਕ ਅੱਗ ਲੱਗ ਗਈ। ਉਨ੍ਹਾਂ ਦੱਸਿਆ ਕਿ ਜਹਾਜ਼ਾਂ ਦੀ ਮਦਦ ਨਾਲ ਇਲਾਕੇ ਵਿੱਚ ਪਾਣੀ ਦਾ ਛਿੜਕਾਅ ਕਰਕੇ ਅੱਗ ’ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਨੇ ਹਾਦਸੇ ਦੀ ਜਾਂਚ ਲਈ ਇਕ ਟੀਮ ਨੂੰ ਮੌਕੇ 'ਤੇ ਭੇਜਿਆ ਹੈ।

## ਅਰਬਪਤੀਆਂ 'ਤੇ ਟੈਕਸ ਲਗਾਉਣ ਦੇ ਵਿਚਾਰ 'ਤੇ ਸਹਿਮਤ ਹੋਏ ਜੀ-20 ਦੇਸ਼ਾਂ ਦੇ ਵਿੱਤ ਮੰਤਰੀ




ਦੁਨੀਆ ਦੇ ਚੋਟੀ ਦੇ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਵਿੱਤ ਮੰਤਰੀਆਂ ਨੇ ਅਰਬਪਤੀਆਂ ‘ਤੇ ਪ੍ਰਭਾਵਸ਼ਾਲੀ ਢੰਗ ਨਾਲ ਟੈਕਸ ਲਾਉਣ ਦੇ ਪ੍ਰਸਤਾਵ ‘ਤੇ ਸ਼ੁੱਕਰਵਾਰ ਨੂੰ ਸਹਿਮਤੀ ਪ੍ਰਗਟਾਈ। ਇਹ ਜਾਣਕਾਰੀ ਇੱਕ ਸੰਯੁਕਤ ਮੰਤਰੀ ਪੱਧਰੀ ਘੋਸ਼ਣਾ ਪੱਤਰ ਵਿੱਚ ਦਿੱਤੀ ਗਈ ਹੈ। ਰੀਓ ਡੀ ਜਨੇਰੀਓ ਵਿੱਚ G20 ਵਿੱਤ ਮੰਤਰੀਆਂ ਦੀ ਦੋ ਦਿਨਾਂ ਮੀਟਿੰਗ ਤੋਂ ਬਾਅਦ ਜਾਰੀ ਕੀਤੇ ਗਏ ਘੋਸ਼ਣਾ ਵਿੱਚ ਕਿਹਾ ਗਿਆ ਹੈ, "ਟੈਕਸ ਦੀ ਪ੍ਰਭੂਸੱਤਾ ਲਈ ਪੂਰੇ ਸਨਮਾਨ ਦੇ ਨਾਲ, ਅਸੀਂ ਇਹ ਯਕੀਨੀ ਬਣਾਉਣ ਲਈ ਸਹਿਯੋਗ ਨਾਲ ਕੋਸ਼ਿਸ਼ ਕਰਾਂਗੇ ਕਿ ਅਰਬਪਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਟੈਕਸ ਲਗਾਇਆ ਜਾਵੇ।" ਬ੍ਰਾਜ਼ੀਲ ਨੇ ਰੀਓ ਡੀ ਜੇਨੇਰੀਓ 'ਚ 18-19 ਨਵੰਬਰ ਨੂੰ ਹੋਣ ਵਾਲੇ ਜੀ-20 ਸੰਮੇਲਨ ਤੋਂ ਪਹਿਲਾਂ ਅਰਬਪਤੀਆਂ 'ਤੇ ਘੱਟੋ-ਘੱਟ ਦੋ ਫੀਸਦੀ ਜਾਇਦਾਦ ਟੈਕਸ ਲਗਾਉਣ ਦਾ ਪ੍ਰਸਤਾਵ ਰੱਖਿਆ ਹੈ। ਇਸ ਪ੍ਰਸਤਾਵ 'ਤੇ ਸਹਿਮਤੀ ਬਣਾਉਣਾ ਗਰੁੱਪ ਦੇ ਚੇਅਰਮੈਨ ਵਜੋਂ ਉਨ੍ਹਾਂ ਦੀ ਪ੍ਰਮੁੱਖ ਤਰਜੀਹ ਹੈ। ਹਾਲਾਂਕਿ ਮੈਨੀਫੈਸਟੋ ਇੱਕ ਖਾਸ ਗਲੋਬਲ ਟੈਕਸ 'ਤੇ ਸਮਝੌਤੇ 'ਤੇ ਪਹੁੰਚਣ ਵਿੱਚ ਅਸਫਲ ਰਿਹਾ, ਬ੍ਰਾਜ਼ੀਲ ਦੇ ਵਿੱਤ ਮੰਤਰੀ ਫਰਨਾਂਡੋ ਹਦਾਦ ਨੇ ਇਸਨੂੰ ਇੱਕ "ਮਹੱਤਵਪੂਰਨ ਕਦਮ" ਕਿਹਾ। ਉਸਨੇ ਪੱਤਰਕਾਰਾਂ ਨੂੰ ਕਿਹਾ "ਅਸੀਂ ਇਸ ਕਿਸਮ ਦੇ ਨਤੀਜੇ ਬਾਰੇ ਹਮੇਸ਼ਾ ਆਸ਼ਾਵਾਦੀ ਸੀ, ਪਰ ਇਹ ਅਸਲ ਵਿੱਚ ਸਾਡੀਆਂ ਸ਼ੁਰੂਆਤੀ ਉਮੀਦਾਂ ਤੋਂ ਵੱਧ ਗਿਆ" । ਫਰਾਂਸ, ਸਪੇਨ ਅਤੇ ਦੱਖਣੀ ਅਫਰੀਕਾ ਨੇ ਜਿੱਥੇ ਅਰਬਪਤੀਆਂ 'ਤੇ ਟੈਕਸ ਲਗਾਉਣ ਦੇ ਬ੍ਰਾਜ਼ੀਲ ਦੇ ਪ੍ਰਸਤਾਵ ਦਾ ਸਮਰਥਨ ਕੀਤਾ ਹੈ, ਉਥੇ ਅਮਰੀਕਾ ਇਸ ਦੇ ਖਿਲਾਫ ਹੈ। ਅਮਰੀਕੀ ਖਜ਼ਾਨਾ ਸਕੱਤਰ ਜੈਨੇਟ ਯੇਲੇਨ ਨੇ ਪੱਤਰਕਾਰਾਂ ਨੂੰ ਕਿਹਾ, "ਵਿਸ਼ਵ ਪੱਧਰ 'ਤੇ ਟੈਕਸ ਨੀਤੀ ਦਾ ਤਾਲਮੇਲ ਕਰਨਾ ਬਹੁਤ ਮੁਸ਼ਕਲ ਹੈ। "ਸਾਨੂੰ ਕੋਈ ਲੋੜ ਨਹੀਂ ਦਿਖਾਈ ਦਿੰਦੀ ਹੈ ਅਤੇ ਅਸਲ ਵਿੱਚ ਇਸ ਸਬੰਧ ਵਿੱਚ ਇੱਕ ਗਲੋਬਲ ਸਮਝੌਤੇ 'ਤੇ ਗੱਲਬਾਤ ਕਰਨਾ ਫਾਇਦੇਮੰਦ ਨਹੀਂ ਲੱਗਦਾ ਹੈ।" ਬ੍ਰਾਜ਼ੀਲ-ਨਿਯੁਕਤ ਫ੍ਰੈਂਚ ਅਰਥ ਸ਼ਾਸਤਰੀ ਗੈਬਰੀਅਲ ਜ਼ੁਕਮੈਨ ਦੀ ਇੱਕ ਰਿਪੋਰਟ ਅਨੁਸਾਰ, ਅਰਬਪਤੀ ਇਸ ਸਮੇਂ ਆਪਣੀ ਜਾਇਦਾਦ ਦਾ 0.3% ਟੈਕਸ ਵਜੋਂ ਅਦਾ ਕਰਦੇ ਹਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਦੋ ਫੀਸਦੀ ਵੈਲਥ ਟੈਕਸ ਲਗਾਉਣ ਨਾਲ ਵਿਸ਼ਵ ਪੱਧਰ 'ਤੇ ਲਗਭਗ 3,000 ਅਰਬਪਤੀਆਂ ਤੋਂ ਹਰ ਸਾਲ 200 ਅਰਬ ਡਾਲਰ ਤੋਂ 250 ਅਰਬ ਡਾਲਰ ਤੱਕ ਦਾ ਵਾਧਾ ਹੋਵੇਗਾ। ਰਿਪੋਰਟ ਮੁਤਾਬਕ ਇਸ ਪੈਸੇ ਦੀ ਵਰਤੋਂ ਸਿੱਖਿਆ ਅਤੇ ਸਿਹਤ ਸੰਭਾਲ ਵਰਗੀਆਂ ਜਨਤਕ ਸੇਵਾਵਾਂ ਦੇ ਨਾਲ-ਨਾਲ ਜਲਵਾਯੂ ਪਰਿਵਰਤਨ ਵਿਰੁੱਧ ਲੜਾਈ ਲਈ ਕੀਤੀ ਜਾ ਸਕਦੀ ਹੈ।


## ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੀਤੀ ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਨਾਲ ਮੁਲਾਕਾਤ



ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫਲੋਰੀਡਾ ’ਚ ਆਪਣੇ ਮਾਰ-ਏ-ਲਾਗੋ ਨਿਵਾਸ ’ਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਸਵਾਗਤ ਕੀਤਾ। ਨੇਤਨਯਾਹੂ ਨਾਲ ਉਨ੍ਹਾਂ ਦੀ ਪਤਨੀ ਸਾਰਾ ਨੇਤਨਯਾਹੂ ਵੀ ਮੌਜੂਦ ਸਨ।

ਟਰੰਪ ਅਤੇ ਨੇਤਨਯਾਹੂ ਵਿਚਾਲੇ ਸਾਬਕਾ ਰਾਸ਼ਟਰਪਤੀ ਦੇ ਪਹਿਲੇ ਕਾਰਜਕਾਲ ਤੋਂ ਹੀ ਨਜ਼ਦੀਕੀ ਸਬੰਧ ਰਹੇ ਹਨ, ਜਦੋਂ ਉਨ੍ਹਾਂ ਨੇ ਅਮਰੀਕੀ ਦੂਤਘਰ ਨੂੰ ਤੇਲ ਅਵੀਵ ਤੋਂ ਯਰੂਸ਼ਲਮ ਤਬਦੀਲ ਕੀਤਾ ਸੀ। ਇਹ ਇਜ਼ਰਾਈਲ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਸੀ ਕਿ ਦੁਨੀਆ ਯੇਰੂਸ਼ਲਮ ਨੂੰ ਰਾਜਧਾਨੀ ਮੰਨੇ, ਭਾਵੇਂ ਫਿਲਸਤੀਨੀਆਂ ਵੱਲੋਂ ਇਸ ਨੂੰ ਇਕ ਸ਼ਹਿਰ ਵਜੋਂ ਮੰਨੇ ਜਾਣ ਦਾ ਦਾਅਵਾ ਕੀਤਾ ਹੋਵੇ।

## ਪੈਰਿਸ ਓਲੰਪਿਕ ਦੇ ਸ਼ੁਰੂਆਤੀ ਦਿਨ ਵੱਡੇ ਪੱਧਰ 'ਤੇ ਹੋਈ ਟਰੇਨਾਂ ਦੀ ਦੇਰੀ



ਫਰਾਂਸ ਦੇ ਰੇਲਵੇ 'ਤੇ ਅੱਗ ਲੱਗਣ ਦੇ ਹਮਲਿਆਂ ਕਾਰਨ ਪੂਰੇ ਯੂਰਪ ਵਿਚ ਵਿਆਪਕ ਦੇਰੀ ਹੋਈ ਅਤੇ ਰੇਲ ਸੇਵਾਵਾਂ ਨੂੰ ਰੱਦ ਕਰ ਦਿੱਤਾ ਗਿਆ ਕਿਉਂਕਿ ਸ਼ੁੱਕਰਵਾਰ ਨੂੰ ਪੈਰਿਸ ਵਿਚ ਓਲੰਪਿਕ ਖੇਡਾਂ ਦਾ ਉਦਘਾਟਨ ਸਮਾਰੋਹ ਹੋਇਆ ਸੀ।

ਫ੍ਰੈਂਚ ਰਾਸ਼ਟਰੀ ਰੇਲ ਕੰਪਨੀ SNCF ਨੇ ਸ਼ੁੱਕਰਵਾਰ ਸਵੇਰੇ ਐਕਸ ਦੁਆਰਾ ਰਿਪੋਰਟ ਕੀਤੀ ਕਿ ਫਰਾਂਸ ਦੇ ਐਟਲਾਂਟਿਕ, ਉੱਤਰੀ ਅਤੇ ਪੂਰਬੀ ਰੂਟਾਂ 'ਤੇ ਟੀਜੀਵੀ ਹਾਈ-ਸਪੀਡ ਰੇਲ ਆਵਾਜਾਈ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਸਹੂਲਤਾਂ ਨੂੰ ਅੱਗ ਲੱਗਣ ਦੇ ਹਮਲਿਆਂ ਕਾਰਨ ਗੰਭੀਰਤਾ ਨਾਲ ਵਿਘਨ ਪਿਆ ਸੀ।ਨਤੀਜੇ ਵਜੋਂ, 800,000 ਯਾਤਰੀ ਪ੍ਰਭਾਵਿਤ ਹੋਏ, ਕੁਝ ਟਰੇਨਾਂ ਨੂੰ ਮੋੜ ਦਿੱਤਾ ਗਿਆ ਅਤੇ ਕਈ ਰੱਦ ਕਰ ਦਿੱਤੀਆਂ ਗਈਆਂ। ਡੱਚ ਰੇਲਵੇ ਆਪਰੇਟਰ ਐਨਐਸ ਦੇ ਅਨੁਸਾਰ, ਇੰਗਲਿਸ਼ ਚੈਨਲ ਅਤੇ ਗੁਆਂਢੀ ਬੈਲਜੀਅਮ ਦੁਆਰਾ ਅੰਤਰਰਾਸ਼ਟਰੀ ਯਾਤਰਾ ਵੀ ਪ੍ਰਭਾਵਿਤ ਹੋਈ, ਯੂਰੋਸਟਾਰ ਨੇ ਨੀਦਰਲੈਂਡਜ਼ ਤੋਂ ਪੈਰਿਸ ਤੱਕ ਦੀਆਂ ਆਪਣੀਆਂ 25 ਪ੍ਰਤੀਸ਼ਤ ਸੇਵਾਵਾਂ ਨੂੰ ਰੱਦ ਕਰ ਦਿੱਤਾ ਅਤੇ 1.5 ਘੰਟੇ ਦੀ ਦੇਰੀ ਦਾ ਸਾਹਮਣਾ ਕਰਨਾ ਪਿਆ।

ਇਸ ਵਿਘਨ ਕਾਰਨ ਸ਼ੁੱਕਰਵਾਰ ਦੁਪਹਿਰ ਤੱਕ ਲੰਡਨ ਸੇਂਟ ਪੈਨਕ੍ਰਾਸ ਸਟੇਸ਼ਨ ਤੋਂ ਪੈਰਿਸ ਗਾਰੇ ਡੂ ਨੋਰਡ ਸਟੇਸ਼ਨ ਲਈ ਰਵਾਨਾ ਹੋਣ ਵਾਲੀਆਂ ਯੂਰੋਸਟਾਰ ਰੇਲਗੱਡੀਆਂ ਵਿੱਚ ਦੇਰੀ ਅਤੇ ਰੱਦ ਹੋਣ ਦਾ ਕਾਰਨ ਬਣਿਆ, ਲਗਭਗ ਤਿੰਨ ਰੇਲਗੱਡੀਆਂ ਸ਼ਾਮ 4 ਵਜੇ ਤੱਕ ਰੱਦ ਕੀਤੀਆਂ ਗਈਆਂ ਅਤੇ ਹੋਰ ਅੱਠ ਟ੍ਰੇਨਾਂ ਦੇਰੀ ਨਾਲ ਚੱਲੀਆਂ।

## ਕਮਲਾ ਹੈਰਿਸ ਦੇ ਸਮਰਥਨ 'ਚ ਬੋਲੇ ਬਰਾਕ ਓਬਾਮਾ



ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਉਨ੍ਹਾਂ ਦੀ ਪਤਨੀ ਮਿਸ਼ੇਲ ਓਬਾਮਾ ਨੇ ਰਾਸ਼ਟਰਪਤੀ ਅਹੁਦੇ ਲਈ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਵਜੋਂ ਕਮਲਾ ਹੈਰਿਸ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਉਹ ਅਮਰੀਕਾ ਦੀ ਇਕ ਮਹਾਨ ਰਾਸ਼ਟਰਪਤੀ ਸਾਬਤ ਹੋਵੇਗੀ। ਬਰਾਕ ਓਬਾਮਾ ਨੇ ਹੈਰਿਸ ਨੂੰ ਕਿਹਾ ਨੂੰ ਕਿਹਾ ਨਵੰਬਰ 'ਚ ਹੋਣ ਵਾਲੀਆਂ ਚੋਣਾਂ 'ਚ ਤੁਹਾਨੂੰ ਜਿੱਤ ਦਿਵਾਉਣ ਲਈ ਅਸੀਂ ਹਰ ਸੰਭਵ ਕੋਸ਼ਿਸ਼ ਕਰਾਂਗੇ। ਇਸ ਤਰ੍ਹਾਂ ਉਪ ਰਾਸ਼ਟਰਪਤੀ ਹੈਰਿਸ ਨੂੰ ਦੇਸ਼ ਦੇ ਦੋ ਸਭ ਤੋਂ ਲੋਕਪ੍ਰਿਯ ਡੈਮੋਕਰੇਟਸ ਦਾ ਅਹਿਮ ਸਮਰਥਨ ਮਿਲਿਆ ਹੈ। ਓਬਾਮਾ ਨੇ ਹੈਰਿਸ 59 ਦਾ ਰਾਸ਼ਟਰਪਤੀ ਜੋਅ ਬਿਡੇਨ ਦੇ ਰਾਸ਼ਟਰਪਤੀ ਦੀ ਦੌੜ ਤੋਂ ਹਟਣ ਦੇ ਕੁਝ ਦਿਨ ਬਾਅਦ ਸਮਰਥਨ ਕੀਤਾ। ਇਸ ਨਾਲ ਰਿਪਬਲਿਕਨ ਵਿਰੋਧੀ ਡੋਨਾਲਡ ਟਰੰਪ ਖਿਲਾਫ ਉਨ੍ਹਾਂ ਦੀ ਚੁਣੌਤੀ ਹੋਰ ਮਜ਼ਬੂਤ ਹੋਵੇਗੀ। ਓਬਾਮਾ ਨੇ ਐਤਵਾਰ ਨੂੰ ਰਾਸ਼ਟਰਪਤੀ ਬਿਡੇਨ ਦੇ ਚੋਣ ਨਾ ਲੜਨ ਦੇ ਐਲਾਨ ਤੋਂ ਬਾਅਦ ਹੈਰਿਸ ਦਾ ਤੁਰੰਤ ਸਮਰਥਨ ਨਹੀਂ ਕੀਤਾ। ਓਬਾਮਾ ਨੇ ਉਪ ਰਾਸ਼ਟਰਪਤੀ ਦੇ ਸਮਰਥਨ ਲਈ ਇੱਕ ਵੀਡੀਓ ਜਾਰੀ ਕੀਤਾ। ਓਬਾਮਾ ਨੇ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਇਸ ਹਫ਼ਤੇ ਦੇ ਸ਼ੁਰੂ ਵਿੱਚ, ਮਿਸ਼ੇਲ ਅਤੇ ਮੈਂ ਆਪਣੀ ਦੋਸਤ ਕਮਲਾ ਹੈਰਿਸ ਨੂੰ ਫ਼ੋਨ ਕੀਤਾ। ਅਸੀਂ ਉਸ ਨੂੰ ਦੱਸਿਆ ਕਿ ਅਸੀਂ ਸੋਚਿਆ ਕਿ ਉਹ ਸੰਯੁਕਤ ਰਾਜ ਦੀ ਇੱਕ ਸ਼ਾਨਦਾਰ ਰਾਸ਼ਟਰਪਤੀ ਬਣੇਗੀ। ਸਾਡੇ ਦੇਸ਼ ਲਈ ਇਸ ਨਾਜ਼ੁਕ ਸਮੇਂ ਵਿੱਚ, ਅਸੀਂ ਨਵੰਬਰ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਉਸਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਸਾਡੇ ਨਾਲ ਜੁੜੋਗੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ 62 ਨੇ ਫੋਨ 'ਤੇ ਹੈਰਿਸ ਨੂੰ ਕਿਹਾ ਕਿ ਮਿਸ਼ੇਲ ਅਤੇ ਮੈਨੂੰ ਤੁਹਾਡਾ ਸਮਰਥਨ ਕਰਨ 'ਤੇ ਬਹੁਤ ਮਾਣ ਹੈ ਅਤੇ ਅਸੀਂ ਇਸ ਚੋਣ ਨੂੰ ਜਿੱਤਣ ਅਤੇ ਤੁਹਾਨੂੰ ਓਵਲ ਦਫਤਰ ਤੱਕ ਪਹੁੰਚਾਉਣ ਲਈ ਹਰ ਸੰਭਵ ਮਦਦ ਕਰਾਂਗੇ। ਮਿਸ਼ੇਲ ਓਬਾਮਾ ਨੇ ਕਿਹਾ ਕਿ ਮੈਨੂੰ ਤੁਹਾਡੇ 'ਤੇ ਮਾਣ ਹੈ। ਇਹ ਇਤਿਹਾਸਕ ਹੋਵੇਗਾ। ਹੈਰਿਸ ਨੇ ਸਮਰਥਨ ਅਤੇ ਉਨ੍ਹਾਂ ਦੀ ਦੋਸਤੀ ਲਈ ਧੰਨਵਾਦ ਪ੍ਰਗਟਾਇਆ। ਉਸ ਨੇ ਕਿਹਾ ਕਿ ਤੁਹਾਡਾ ਦੋਵਾਂ ਦਾ ਧੰਨਵਾਦ। ਇਹ ਮੇਰੇ ਲਈ ਬਹੁਤ ਮਾਅਨੇ ਰੱਖਦਾ ਹੈ। ਅਸੀਂ ਇਸ ਨਾਲ ਕੁਝ ਬਿਹਤਰ ਕਰਾਂਗੇ। ਸਮਰਥਨ ਦਾ ਐਲਾਨ ਕਰਦੇ ਹੋਏ ਇੱਕ ਸਾਂਝੇ ਬਿਆਨ ਵਿੱਚ ਓਬਾਮਾ ਨੇ ਹੈਰਿਸ ਦੀ ਤਾਰੀਫ ਕੀਤੀ। ਬਿਆਨ 'ਚ ਕਿਹਾ ਗਿਆ ਹੈ ਕਿ ਕਮਲਾ ਕੋਲ ਦੂਰਅੰਦੇਸ਼ੀ, ਸਮਰੱਥਾ ਅਤੇ ਤਾਕਤ ਹੈ ਜਿਸ ਦੀ ਇਸ ਮਹੱਤਵਪੂਰਨ ਸਮੇਂ 'ਚ ਲੋੜ ਹੈ। ਹੈਰਿਸ ਕੋਲ ਇਹ ਚੋਣ ਜਿੱਤਣ ਅਤੇ ਅਮਰੀਕੀ ਲੋਕਾਂ ਲਈ ਕੁਝ ਕਰਨ ਦੀ ਸਮਰੱਥਾ ਹੈ।

ਰਾਸ਼ਟਰਪਤੀ ਜੋਅ ਬਿਡੇਨ ਨੇ ਐਤਵਾਰ ਨੂੰ ਐਲਾਨ ਕੀਤਾ ਸੀ ਕਿ ਉਹ ਆਉਣ ਵਾਲੀਆਂ ਰਾਸ਼ਟਰਪਤੀ ਚੋਣਾਂ ਨਹੀਂ ਲੜਨਗੇ। ਇਸ ਦੇ ਨਾਲ ਹੀ ਉਨ੍ਹਾਂ ਨੇ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਵਜੋਂ ਉਪ ਰਾਸ਼ਟਰਪਤੀ ਹੈਰਿਸ ਦੇ ਨਾਂ ਨੂੰ ਮਨਜ਼ੂਰੀ ਦਿੱਤੀ ਸੀ। ਬਿਡੇਨ ਦੇ ਰਾਸ਼ਟਰਪਤੀ ਦੀ ਦੌੜ ਤੋਂ ਬਾਹਰ ਹੋਣ ਤੋਂ ਬਾਅਦ, ਡੈਮੋਕਰੇਟਿਕ ਪਾਰਟੀ ਦੇ ਪ੍ਰਮੁੱਖ ਨੇਤਾ ਤੁਰੰਤ ਹੈਰਿਸ ਦੇ ਸਮਰਥਨ ਵਿੱਚ ਖੜੇ ਹੋ ਗਏ। ਅਮਰੀਕਾ ਵਿੱਚ ਇਸ ਸਾਲ 5 ਨਵੰਬਰ ਨੂੰ ਰਾਸ਼ਟਰਪਤੀ ਚੋਣਾਂ ਦਾ ਪ੍ਰਸਤਾਵ ਹੈ।

## ਭਾਰਤ ਦੀ 'ਐਕਟ ਈਸਟ' ਨੀਤੀ ਅਤੇ ਹਿੰਦ-ਪ੍ਰਸ਼ਾਂਤ ਦ੍ਰਿਸ਼ਟੀਕੋਣ ਦਾ ਆਧਾਰ ਹੈ ASEAN




ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਸ਼ੁੱਕਰਵਾਰ ਨੂੰ ਦੱਖਣ-ਪੂਰਬੀ ਏਸ਼ੀਆਈ ਰਾਸ਼ਟਰ ਸੰਘ (ਆਸੀਆਨ) ਨਾਲ ਸਿਆਸੀ, ਆਰਥਿਕ ਅਤੇ ਸੁਰੱਖਿਆ ਸਹਿਯੋਗ ਵਧਾਉਣ ਨੂੰ ਭਾਰਤ ਦੀ ਤਰਜੀਹ ਕਰਾਰ ਦਿੰਦਿਆਂ ਕਿਹਾ ਕਿ ਇਹ ਪ੍ਰਭਾਵਸ਼ਾਲੀ 10 ਮੈਂਬਰੀ ਖੇਤਰੀ ਸਮੂਹ ਭਾਰਤ ਦੀ 'ਐਕਟ ਈਸਟ' ਨੀਤੀ ਦਾ ਅਨਿੱਖੜਵਾਂ ਅੰਗ ਅਤੇ ਹਿੰਦ-ਪ੍ਰਸ਼ਾਂਤ ਦ੍ਰਿਸ਼ਟੀਕੋਣ ਦਾ ਆਧਾਰ ਹੈ। ਜੈਸ਼ੰਕਰ ਆਸੀਆਨ ਮੀਟਿੰਗਾਂ ਵਿਚ ਸ਼ਾਮਲ ਹੋਣ ਲਈ ਲਾਓਸ ਦੀ ਰਾਜਧਾਨੀ ਵਿਚ ਹਨ। ਉਨ੍ਹਾਂ ਆਸੀਆਨ-ਭਾਰਤ ਵਿਦੇਸ਼ ਮੰਤਰੀਆਂ ਦੇ ਉਦਘਾਟਨੀ ਸੈਸ਼ਨ ਵਿਚ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਭਾਰਤ ਆਸੀਆਨ ਅਤੇ ਈਏਐੱਸ (ਪੂਰਬੀ ਏਸ਼ੀਆ ਸੰਮੇਲਨ) ਫੋਰਮਾਂ ਨੂੰ ਜੋ ਤਰਜੀਹ ਦਿੰਦਾ ਹੈ, ਉਹ ਪਿਛਲੇ ਸਾਲ ਨਵੀਂ ਦਿੱਲੀ ਵਿਚ ਜੀ-20 ਸੰਮੇਲਨ ਦੀ ਪੂਰਵ ਸੰਧਿਆ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਜਕਾਰਤਾ ਦੀ ਯਾਤਰਾ ਕੀਤੇ ਜਾਣ ਤੋਂ ਸਪੱਸ਼ਟ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ 12 ਸੂਤਰੀ ਯੋਜਨਾ ਦਾ ਐਲਾਨ ਕੀਤਾ ਸੀ, ਜਿਸ ਨੂੰ ਵੱਡੇ ਪੱਧਰ 'ਤੇ ਲਾਗੂ ਕੀਤਾ ਗਿਆ ਹੈ। ਜੈਸ਼ੰਕਰ ਨੇ ਕਿਹਾ, "ਭਾਰਤ ਲਈ, ਆਸੀਆਨ ਆਪਣੀ 'ਐਕਟ ਇੰਡੀਆ' ਨੀਤੀ ਅਤੇ ਇਸ ਦੇ ਹਿੰਦ-ਪ੍ਰਸ਼ਾਂਤ ਦ੍ਰਿਸ਼ਟੀਕੋਣ ਦਾ ਆਧਾਰ ਹੈ।" ਉਨ੍ਹਾਂ ਕਿਹਾ, "ਆਸੀਆਨ ਨਾਲ ਮੌਜੂਦਾ ਸਿਆਸੀ, ਆਰਥਿਕ ਅਤੇ ਸੁਰੱਖਿਆ ਸਹਿਯੋਗ ਅਤੇ ਲੋਕਾਂ ਨਾਲ ਲੋਕਾਂ ਦੇ ਸਬੰਧ ਕਨੈਕਟੀਵਿਟੀ ਇਕ ਪ੍ਰਮੁੱਖ ਤਰਜੀਹ ਹੈ, ਜਿਸ ਨੂੰ ਵਧਾਉਣ ਲਈ ਅਸੀਂ ਲਗਾਤਾਰ ਕੋਸ਼ਿਸ਼ਾਂ ਕਰ ਰਹੇ ਹਾਂ।'' ਜੈਸ਼ੰਕਰ ਨੇ ਕਿਹਾ ਕਿ ਇਹ ਦੇਖਣਾ ਉਤਸ਼ਾਹਜਨਕ ਹੈ ਕਿ ਭਾਰਤ-ਆਸੀਆਨ ਭਾਈਵਾਲੀ ਹਰ ਗੁਜ਼ਰਦੇ ਦਿਨ ਦੇ ਨਾਲ ਨਵੇਂ ਆਯਾਮ ਪ੍ਰਾਪਤ ਕਰ ਰਹੀ ਹੈ। ਉਨ੍ਹਾਂ ਨੇ ਆਪਣੇ ਸਿੰਗਾਪੁਰ ਦੇ ਹਮਰੁਤਬਾ ਵਿਵਿਅਨ ਬਾਲਾਕ੍ਰਿਸ਼ਨਨ ਦਾ ਮੀਟਿੰਗ ਦੀ ਸਹਿ-ਪ੍ਰਧਾਨਗੀ ਲਈ ਧੰਨਵਾਦ ਕੀਤਾ। ਉਨ੍ਹਾਂ ਮੀਟਿੰਗ ਵਿਚ ਨਿਗਰਾਨ ਵਜੋਂ ਟਿਮੋਰ-ਲੇਸਟੇ ਦੇ ਮੰਤਰੀ ਬੇਨਡਿਟੋ ਫਰੀਟਾਸ ਦਾ ਵੀ ਸਵਾਗਤ ਕੀਤਾ। ਜੈਸ਼ੰਕਰ ਨੇ ਕਿਹਾ, ''ਪਿਛਲੇ ਸਾਲ ਪ੍ਰਧਾਨ ਮੰਤਰੀ ਮੋਦੀ ਨੇ ਐਲਾਨ ਕੀਤਾ ਸੀ ਕਿ ਅਸੀਂ ਦਿੱਲੀ 'ਚ ਦੂਤਘਰ ਖੋਲ੍ਹਾਂਗੇ। ਅਸੀਂ ਇਹ ਬਹੁਤ ਜਲਦੀ ਕਰਨ ਜਾ ਰਹੇ ਹਾਂ ਅਤੇ ਅਸਲ ਵਿਚ ਉੱਥੇ ਉੱਚ ਪੱਧਰੀ ਦੌਰੇ ਵੀ ਹੋਣਗੇ।'' ਜੈਸ਼ੰਕਰ ਨੇ ਕਿਹਾ, ''ਮੈਂ ਆਸੀਆਨ ਦੀ ਪ੍ਰਧਾਨਗੀ ਸੰਭਾਲਣ 'ਤੇ ਲਾਓਸ ਨੂੰ ਵਧਾਈ ਦਿੰਦਾ ਹਾਂ ਅਤੇ ਇਸ ਦੀ ਪ੍ਰਧਾਨਗੀ ਨੂੰ ਸਫਲ ਬਣਾਉਣ ਲਈ ਆਪਣਾ ਪੂਰਾ ਸਮਰਥਨ ਦਿੰਦਾ ਹਾਂ। ਵਿਦੇਸ਼ ਮੰਤਰਾਲੇ ਨੇ ਜੈਸ਼ੰਕਰ ਦੀ ਯਾਤਰਾ ਤੋਂ ਪਹਿਲਾਂ ਕਿਹਾ ਸੀ ਕਿ ਇਹ ਦੌਰਾ ਖਾਸ ਤੌਰ 'ਤੇ ਮਹੱਤਵਪੂਰਨ ਹੈ ਕਿਉਂਕਿ ਇਸ ਸਾਲ ਭਾਰਤ ਦੀ 'ਐਕਟ ਈਸਟ' ਨੀਤੀ ਦੇ ਇਕ ਦਹਾਕੇ ਦੇ ਪੂਰੇ ਹੋਣ ਦਾ ਚਿੰਨ੍ਹ ਹੈ, ਜਿਸ ਦਾ ਐਲਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2014 ਵਿਚ ਨੌਵੇਂ ਪੂਰਬੀ ਏਸ਼ੀਆ ਸੰਮੇਲਨ ਵਿਚ ਕੀਤਾ ਸੀ। ਆਸੀਆਨ ਦੇ 10 ਮੈਂਬਰ ਦੇਸ਼ਾਂ ਵਿਚ ਇੰਡੋਨੇਸ਼ੀਆ, ਮਲੇਸ਼ੀਆ, ਫਿਲੀਪੀਨਜ਼, ਸਿੰਗਾਪੁਰ, ਥਾਈਲੈਂਡ, ਬਰੂਨੇਈ, ਵੀਅਤਨਾਮ, ਲਾਓਸ, ਮਿਆਂਮਾਰ ਤੇ ਕੰਬੋਡੀਆ ਸ਼ਾਮਲ ਹਨ।

# ਹਰਿਦੁਆਰ ਵਿੱਚ ਮਸ਼ਹੂਰ ਮੰਦਰ




ਬਿਲਵਾ ਪਰਵਤ ਦੇ ਸਿਖਰ 'ਤੇ ਸਥਿਤ, ਇਹ ਮੰਦਰ ਦੇਵੀ ਮਨਸਾ ਦੇਵੀ ਨੂੰ ਸਮਰਪਿਤ ਹੈ। ਇਹ ਹਰਿਦੁਆਰ ਦੇ ਸਾਰੇ ਮੰਦਰਾਂ ਵਿੱਚੋਂ ਦੇਵੀ ਦਾ ਨਿਵਾਸ ਹੋਣ ਲਈ ਮਸ਼ਹੂਰ ਹੈ, ਜਿਸ ਨੂੰ ਦੇਵੀ ਸ਼ਕਤੀ ਦਾ ਅਵਤਾਰ ਮੰਨਿਆ ਜਾਂਦਾ ਹੈ। ਕਥਾ ਦੇ ਅਨੁਸਾਰ, ਉਹ ਭਗਵਾਨ ਸ਼ਿਵ ਦੇ ਮਨ ਤੋਂ ਪੈਦਾ ਹੋਈ ਸੀ। 'ਮਾਨਸਾ' ਸ਼ਬਦ ਇਸ ਵਿਸ਼ਵਾਸ ਦੇ ਸੰਦਰਭ ਵਿੱਚ ਮੰਨਿਆ ਜਾਂਦਾ ਹੈ ਕਿ ਕੋਈ ਵੀ ਸ਼ਰਧਾਲੂ ਜੋ ਉਸ ਨੂੰ ਇਮਾਨਦਾਰੀ ਅਤੇ ਇਮਾਨਦਾਰੀ ਨਾਲ ਪ੍ਰਾਰਥਨਾ ਕਰਦਾ ਹੈ, ਉਸ ਦੀ ਇੱਛਾ ਪੂਰੀ ਹੋ ਜਾਂਦੀ ਹੈ। ਮਾਨਸਾ ਦਾ ਸ਼ਾਬਦਿਕ ਅਨੁਵਾਦ 'ਇੱਛਾ' ਹੈ। ਦਰਅਸਲ, ਮਨਸਾ ਦੇਵੀ ਹਰਿਦੁਆਰ ਵਿਖੇ ਸਭ ਤੋਂ ਮਸ਼ਹੂਰ ਰਸਮਾਂ ਵਿੱਚੋਂ ਇੱਕ ਹੈ ਮੰਦਰ ਦੇ ਦਰੱਖਤ ਦੀਆਂ ਟਾਹਣੀਆਂ ਉੱਤੇ ਧਾਗੇ ਬੰਨ੍ਹਣਾ। ਵਾਸਤਵ ਵਿੱਚ, ਇੱਕ ਵਾਰ ਜਦੋਂ ਉਹ ਆਸ਼ੀਰਵਾਦ ਪ੍ਰਾਪਤ ਹੋ ਜਾਂਦਾ ਹੈ, ਤਾਂ ਸ਼ਰਧਾਲੂ ਮਨਸਾ ਦੇਵੀ ਹਰਿਦੁਆਰ ਵਾਪਸ ਚਲੇ ਜਾਂਦੇ ਹਨ ਅਤੇ ਰੁੱਖ ਤੋਂ ਧਾਗਾ ਖੋਲ੍ਹਦੇ ਹਨ। ਸਥਾਨ ਦੇ ਅਨੁਸਾਰ, ਇਹ ਗੰਗਾ ਨਦੀ ਦਾ ਇੱਕ ਸ਼ਾਨਦਾਰ ਦ੍ਰਿਸ਼ ਪੇਸ਼ ਕਰਦਾ ਹੈ. ਕਿਉਂਕਿ ਇਸ ਮੰਦਰ ਨੂੰ ਅਜਿਹਾ ਪਵਿੱਤਰ ਅਤੇ ਸ਼ੁਭ ਸਥਾਨ ਮੰਨਿਆ ਜਾਂਦਾ ਹੈ, ਇਸ ਲਈ ਇਹ ਆਸਾਨੀ ਨਾਲ ਨੈਵੀਗੇਟ ਕਰਨ ਯੋਗ ਨਹੀਂ ਹੈ। ਇਹ ਜਾਂ ਤਾਂ ਟ੍ਰੈਕਿੰਗ ਦੁਆਰਾ ਜਾਂ 'ਮਨਸਾ ਦੇਵੀ ਉਡੰਖਡੋਲਾ' ਨਾਮਕ ਰੋਪਵੇਅ ਦੀ ਵਰਤੋਂ ਕਰਕੇ ਪਹੁੰਚਿਆ ਜਾ ਸਕਦਾ ਹੈ। ਇਹ ਵੀ ਤਿੰਨ ਸਿੱਧ ਪੀਠਾਂ ਵਿੱਚੋਂ ਇੱਕ ਹੈ। ਬਾਕੀ ਦੋ ਚੰਡੀ ਦੇਵੀ ਹਰਿਦੁਆਰ ਅਤੇ ਮਾਇਆ ਦੇਵੀ ਹਰਿਦੁਆਰ ਹਨ।




'ਹਰਿ ਕੀ ਪਉੜੀ' ਦਾ ਸ਼ਾਬਦਿਕ ਅਨੁਵਾਦ 'ਸ਼ਿਵ ਦੇ ਕਦਮਾਂ' ਵਿੱਚ ਕੀਤਾ ਗਿਆ ਹੈ। ਇਹ ਪਵਿੱਤਰ ਨਦੀ ਗੰਗਾ ਦੇ ਕੰਢੇ 'ਤੇ ਸਥਿਤ ਘਾਟਾਂ ਵਿੱਚੋਂ ਇੱਕ ਦਾ ਨਾਮ ਹੈ, ਅਤੇ ਇਸ ਲਈ ਉਸ ਨੂੰ ਪ੍ਰਾਰਥਨਾ ਕਰਨ ਲਈ ਮੰਦਰ ਸਥਿਤ ਹੈ। ਹਰਿਦੁਆਰ ਦੇ ਸਾਰੇ ਮੰਦਰਾਂ ਵਿਚੋਂ, ਇੱਥੇ ਸ਼ਰਧਾਲੂਆਂ ਲਈ ਸਭ ਤੋਂ ਵੱਡਾ ਆਕਰਸ਼ਣ ਪਵਿੱਤਰ ਨਦੀ ਵਿਚ ਡੁਬਕੀ ਜਾਂ 'ਡੁਪਕੀ' ਲੈਣਾ ਹੈ, ਜਿਸ ਨੂੰ ਕਿਹਾ ਜਾਂਦਾ ਹੈ ਕਿ ਸ਼ਰਧਾਲੂ ਦੇ ਸਾਰੇ ਪਾਪ ਧੋਤੇ ਜਾਂਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਮੋਕਸ਼ ਪ੍ਰਾਪਤੀ ਦਾ ਦੂਜਾ ਮੌਕਾ ਮਿਲਦਾ ਹੈ। ਇੱਕ ਹੋਰ ਚੀਜ਼ ਜੋ ਇੱਥੇ ਬਹੁਤ ਮਸ਼ਹੂਰ ਹੈ ਉਹ ਹੈ ਗੰਗਾ ਆਰਤੀ, ਜੋ ਸ਼ਾਮ ਨੂੰ ਹੁੰਦੀ ਹੈ। ਇਹ ਆਮ ਤੌਰ 'ਤੇ ਸ਼ਾਮ 7.30 ਵਜੇ ਦੇ ਆਸਪਾਸ ਵਾਪਰਦਾ ਹੈ, ਅਤੇ ਪਵਿੱਤਰ ਨਦੀ ਨੂੰ ਸ਼ਰਧਾਂਜਲੀ ਦੇਣ ਲਈ ਕਈ ਪੁਜਾਰੀ ਅੱਗ ਦੇ ਗੋਲੇ, ਦੀਵੇ, ਮੰਦਰ ਦੀਆਂ ਘੰਟੀਆਂ ਅਤੇ ਜਾਪਾਂ ਨਾਲ ਇਕੱਠੇ ਹੁੰਦੇ ਹਨ। ਭਾਵੇਂ ਹਰਿਦੁਆਰ ਵਿੱਚ ਬਹੁਤ ਸਾਰੇ ਮੰਦਰ ਹਨ, ਦੁਨੀਆਂ ਭਰ ਤੋਂ ਲੋਕ ਇਸ ਰਸਮ ਨੂੰ ਦੇਖਣ ਲਈ ਆਉਂਦੇ ਹਨ, ਖਾਸ ਕਰਕੇ ਕੁੰਭ ਮੇਲੇ ਦੌਰਾਨ।



ਹਰਿਦੁਆਰ ਦੇ ਮੰਦਰਾਂ ਵਿੱਚ ਸ਼ਾਂਤੀ ਅਤੇ ਸ਼ਾਂਤੀ ਦਾ ਅਨੁਭਵ ਕਰੋ ਜੋ ਇਸ ਪਵਿੱਤਰ ਸ਼ਹਿਰ ਵਿੱਚ ਵਿਸ਼ਵਾਸ ਦੇ ਥੰਮ੍ਹਾਂ ਵਜੋਂ ਖੜ੍ਹੇ ਹਨ। ਇਹ ਤੱਥ ਕਿ ਹਰਿਦੁਆਰ ਵਿੱਚ ਇਹ ਮੰਦਰ ਜਾਂ ਤਾਂ ਪਵਿੱਤਰ ਗੰਗਾ ਨਦੀ ਦੇ ਕਿਨਾਰੇ ਜਾਂ ਪਹਾੜੀਆਂ ਦੇ ਸਿਖਰ 'ਤੇ ਸਥਿਤ ਹਨ, ਇਸ ਦਾ ਮਤਲਬ ਹੈ ਕਿ ਤੁਸੀਂ ਮਹਿਸੂਸ ਕਰਦੇ ਹੋ ਕਿ ਜਦੋਂ ਤੁਸੀਂ ਉਨ੍ਹਾਂ ਦੇ ਦਰਸ਼ਨ ਕਰਦੇ ਹੋ ਤਾਂ ਤੁਸੀਂ ਨਾ ਸਿਰਫ਼ ਪਰਮਾਤਮਾ ਦੇ ਨੇੜੇ ਹੋ, ਸਗੋਂ ਕੁਦਰਤ ਦੇ ਵੀ. ਬਲਦੀ ਧੂਪ ਦੀ ਮਹਿਕ ਹੋਵੇ। ਮੰਦਿਰ ਦੇ ਫੁੱਲਾਂ ਦੇ ਰੰਗ, ਜਾਂ ਮੰਦਰ ਦੀਆਂ ਘੰਟੀਆਂ ਦੀ ਆਵਾਜ਼, ਇਹ ਸਥਾਨ ਤੁਹਾਡੀਆਂ ਸਾਰੀਆਂ ਇੰਦਰੀਆਂ ਨੂੰ ਸ਼ਾਮਲ ਕਰਨ ਲਈ ਯਕੀਨੀ ਬਣਾਉਣਗੇ ਜਦੋਂ ਕਿ ਤੁਹਾਡੀ ਆਤਮਾ ਨੂੰ ਸ਼ਾਂਤੀ ਦੀ ਭਾਵਨਾ ਪ੍ਰਦਾਨ ਕਰੇਗੀ ਜਿਸਦਾ ਉਹ ਹੱਕਦਾਰ ਹੈ। ਭਾਵੇਂ ਤੁਸੀਂ ਹਿੰਦੂ ਧਰਮ ਦੇ ਸ਼ਰਧਾਲੂ ਜਾਂ ਅਨੁਯਾਈ ਨਹੀਂ ਹੋ, ਇਹ ਸਥਾਨ ਸੱਭਿਆਚਾਰ ਅਤੇ ਇਤਿਹਾਸ ਦੇ ਇੱਕ ਪਰਤੱਖ ਜਸ਼ਨ ਵਜੋਂ ਸਾਹਮਣੇ ਆਉਣਗੇ।




ਮਨਸਾ ਦੇਵੀ ਹਰਿਦੁਆਰ ਵਾਂਗ ਚੰਡੀ ਦੇਵੀ ਮੰਦਰ ਤਿੰਨਾਂ ਵਿੱਚੋਂ ਦੂਜਾ ਸਿੱਧ ਪੀਠ ਹੈ। ਇਹ ਦੇਵੀ ਚੰਦਾ ਦੇਵੀ ਨੂੰ ਸਮਰਪਿਤ ਹੈ। ਕਿਉਂਕਿ ਇਹ ਭਾਰਤ ਦੇ ਸਭ ਤੋਂ ਪ੍ਰਾਚੀਨ ਮੰਦਰਾਂ ਵਿੱਚੋਂ ਇੱਕ ਹੈ, ਇਹ ਹਿੰਦੂ ਧਰਮ ਵਿੱਚ ਬਹੁਤ ਸਤਿਕਾਰਯੋਗ ਹੈ। ਕੁੰਭ ਮੇਲੇ, ਨਵਰਾਤਰੀ ਅਤੇ ਚੰਡੀ ਚੌਦਸ ਦੇ ਤਿਉਹਾਰ ਦੌਰਾਨ ਸ਼ਰਧਾਲੂ ਵਿਸ਼ੇਸ਼ ਤੌਰ 'ਤੇ ਉੱਥੇ ਜਾਂਦੇ ਹਨ। ਸਥਾਨ ਦੇ ਅਨੁਸਾਰ, ਚੰਡੀ ਦੇਵੀ ਹਰਿਦੁਆਰ ਇੱਕ ਮੰਦਰ ਦੇ ਬਹੁਤ ਨੇੜੇ ਹੈ ਜੋ ਹਨੂੰਮਾਨ, ਅੰਜਨਾ ਦੀ ਮਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ, ਅਤੇ ਸ਼ਰਧਾਲੂ ਆਮ ਤੌਰ 'ਤੇ ਦੋਵਾਂ ਨੂੰ ਇਕੱਠੇ ਦੇਖਣ ਦੀ ਯੋਜਨਾ ਬਣਾਉਂਦੇ ਹਨ। ਕਿਉਂਕਿ ਸਥਾਨ ਹਰ ਕੀ ਪੌੜੀ ਤੋਂ ਚਾਰ ਕਿਲੋਮੀਟਰ ਦੂਰ ਹੈ, ਤੁਸੀਂ ਜਾਂ ਤਾਂ ਸਹੀ ਸਥਾਨ 'ਤੇ ਜਾ ਸਕਦੇ ਹੋ ਜਾਂ 'ਚੰਡੀ ਦੇਵੀ ਉਡੰਖਡੋਲਾ' ਨਾਮਕ ਰੋਪਵੇਅ ਦੀ ਵਰਤੋਂ ਕਰ ਸਕਦੇ ਹੋ। ਹਰਿਦੁਆਰ ਮੰਦਰ ਦੇ ਸਮੇਂ ਅਨੁਸਾਰ ਸਵੇਰ ਦੀ ਆਰਤੀ ਸਵੇਰੇ 5.30 ਵਜੇ ਹੁੰਦੀ ਹੈ ਜੋ ਜ਼ਿਆਦਾਤਰ ਸ਼ਰਧਾਲੂ ਹਨ। ਹਾਜ਼ਰ ਹੋਣ ਦਾ ਉਦੇਸ਼ ਹੈ, ਅਤੇ ਇਹ ਉਹਨਾਂ ਦੁਆਰਾ ਬਹੁਤ ਸਤਿਕਾਰਯੋਗ ਹੈ। ਮਿਥਿਹਾਸ ਦੇ ਅਨੁਸਾਰ, ਚੰਡੀ ਦੇਵੀ ਦੇਵੀ ਪਾਰਵਤੀ ਦਾ ਇੱਕ ਅਵਤਾਰ ਹੈ, ਜਿਸ ਨੇ ਸ਼ੁੰਭ ਅਤੇ ਨਿਸ਼ੁੰਬਾ ਨੂੰ ਹਰਾਉਣ ਲਈ ਇਹ ਰੂਪ ਲਿਆ ਸੀ।




ਇਹ ਹਰਿਦੁਆਰ ਦੇ ਹੋਰ ਬ੍ਰਹਮ ਮੰਦਰਾਂ ਵਿੱਚੋਂ ਇੱਕ ਹੈ ਅਤੇ ਭਗਵਾਨ ਸ਼ਿਵ ਦੀ ਸ਼ਰਧਾਂਜਲੀ ਵਿੱਚ ਬਣਾਇਆ ਗਿਆ ਹੈ, ਜਿਸਨੂੰ ਮਹਾਦੇਵ ਵੀ ਕਿਹਾ ਜਾਂਦਾ ਹੈ। ਹਰਿਦੁਆਰ ਦੇ ਸਾਰੇ ਮੰਦਰਾਂ ਵਿੱਚੋਂ, ਇਹ ਉਹ ਹੈ ਜਿੱਥੇ ਭਗਵਾਨ ਸ਼ਿਵ ਦੇ ਸ਼ਰਧਾਲੂ ਮਹਾਸ਼ਿਵਰਾਤਰੀ ਦੇ ਦੌਰਾਨ ਤੀਰਥ ਯਾਤਰਾ ਕਰਦੇ ਹਨ, ਅਤੇ ਇਸ ਤਰ੍ਹਾਂ ਮੰਦਰ ਤਿਉਹਾਰ ਦੇ ਦੌਰਾਨ ਬਹੁਤ ਹੀ ਤਿਉਹਾਰਾਂ ਅਤੇ ਰੋਸ਼ਨੀ ਵਾਲਾ ਹੁੰਦਾ ਹੈ। ਹਾਲਾਂਕਿ ਇਸ ਨੂੰ ਤਕਨੀਕੀ ਤੌਰ 'ਤੇ ਹਰਿਦੁਆਰ ਦੇ ਪ੍ਰਸਿੱਧ ਮੰਦਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਇਹ ਅਸਲ ਵਿੱਚ ਕਨਖਲ ਵਿਖੇ ਚਾਰ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਕਿਹਾ ਜਾਂਦਾ ਹੈ ਕਿ ਰਾਣੀ ਧਨਕੌਰ ਨੇ ਇਸਨੂੰ 1810 ਵਿੱਚ ਬਣਾਇਆ ਸੀ, ਪਰ ਅਸਲ ਵਿੱਚ ਇਸਨੂੰ 1962 ਵਿੱਚ ਦੁਬਾਰਾ ਬਣਾਇਆ ਗਿਆ ਸੀ। ਇਹ ਹਰਿਦੁਆਰ ਦੇ ਪ੍ਰਸਿੱਧ ਮੰਦਰਾਂ ਵਿੱਚੋਂ ਇੱਕ ਹੈ ਕਿਉਂਕਿ ਇਸ ਵਿੱਚ ਸੁੰਦਰ ਆਰਕੀਟੈਕਚਰ ਹੈ ਅਤੇ ਸ਼ਰਧਾਲੂਆਂ ਅਤੇ ਸੈਲਾਨੀਆਂ ਲਈ ਇੱਕੋ ਜਿਹਾ ਦੌਰਾ ਕਰਨਾ ਲਾਜ਼ਮੀ ਹੈ। ਇਸ ਸਥਾਨ ਦਾ ਵੀ ਬਹੁਤ ਵੱਡਾ ਪੌਰਾਣਿਕ ਮਹੱਤਵ ਹੈ, ਕਿਉਂਕਿ ਮਹਾਂਭਾਰਤ ਵਿੱਚ ਇਸ ਸਥਾਨ ਦਾ ਜ਼ਿਕਰ ਹੈ ਜਿੱਥੇ ਰਾਜਾ ਦਕਸ਼ ਨੇ ਅਸ਼ਵਮੇਧ ਯੱਗ ਕੀਤਾ ਸੀ।

1983 ਵਿੱਚ ਸਵਾਮੀ ਸਤਿਆਮਿਤਰਾਨੰਦ ਗਿਰੀ ਦੁਆਰਾ ਸਥਾਪਿਤ, ਭਾਰਤ ਮਾਤਾ ਮੰਦਰ ਹਰਿਦੁਆਰ ਦੇ ਪ੍ਰਸਿੱਧ ਮੰਦਰਾਂ ਵਿੱਚੋਂ ਇੱਕ ਹੈ ਕਿਉਂਕਿ ਇਹ ਅਸਲ ਵਿੱਚ ਭਾਰਤ ਮਾਤਾ ਦਾ ਇੱਕ ਤੀਰਥ ਹੈ। ਮਨਸਾ ਦੇਵੀ ਹਰਿਦੁਆਰ ਵਰਗੇ ਹਰਿਦੁਆਰ ਦੇ ਹੋਰ ਮੰਦਰਾਂ ਦੇ ਉਲਟ, ਇਹ ਸ਼ਰਧਾਲੂਆਂ ਦੁਆਰਾ ਨਹੀਂ ਬਲਕਿ ਦੇਸ਼ ਭਗਤਾਂ ਦੁਆਰਾ ਦਰਸ਼ਨ ਕੀਤੇ ਜਾਂਦੇ ਹਨ। ਦਰਅਸਲ, ਇਸ ਹਰਿਦੁਆਰ ਮੰਦਰ ਦਾ ਉਦਘਾਟਨ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸ਼੍ਰੀਮਤੀ ਡਾ. ਇੰਦਰਾ ਗਾਂਧੀ। ਭਾਰਤ ਮਾਤਾ ਜਾਂ ਭਾਰਤ ਮਾਤਾ ਦੇ ਸੰਕਲਪ ਨੂੰ ਮਾਤ ਭੂਮੀ ਨੂੰ ਸਮਰਪਿਤ ਕਰਨ ਦਾ ਇੱਕ ਪਵਿੱਤਰ ਤਰੀਕਾ ਮੰਨਿਆ ਜਾਂਦਾ ਹੈ। ਦਰਅਸਲ, ਭਾਰਤੀ ਫੌਜ ਦੇ ਜਵਾਨ ਵੀ 'ਭਾਰਤ ਮਾਤਾ ਦੀ ਜੈ' ਜਾਂ 'ਭਾਰਤ ਮਾਤਾ ਦੀ ਜਿੱਤ' ਕਹਿੰਦੇ ਹਨ। ਇਸ ਮੰਦਿਰ ਦੀਆਂ ਅਸਲ ਵਿੱਚ ਅੱਠ ਮੰਜ਼ਿਲਾਂ ਹਨ, ਪਹਿਲੀ ਦੇਵੀ ਦਾ ਅਸਥਾਨ ਹੈ, ਅਤੇ ਬਾਕੀ ਭਾਰਤ ਦੇ ਨਾਇਕਾਂ, ਭਾਰਤ ਦੀਆਂ ਮਸ਼ਹੂਰ ਔਰਤਾਂ, ਭਾਰਤ ਦੇ ਧਰਮ, ਭਾਰਤ ਦਾ ਇਤਿਹਾਸ, ਦੇਵੀ ਸ਼ਕਤੀ, ਭਗਵਾਨ ਵਿਸ਼ਨੂੰ ਅਤੇ ਭਗਵਾਨ ਸ਼ਿਵ ਨੂੰ ਸਮਰਪਿਤ ਹੈ।



ਇਹ ਹਰਿਦੁਆਰ ਦੇ ਮੰਦਰਾਂ ਵਿੱਚੋਂ ਇੱਕ ਹੈ ਜਿਸ ਦੇ ਆਲੇ ਦੁਆਲੇ ਸਭ ਤੋਂ ਵਧੀਆ ਦ੍ਰਿਸ਼ ਹੈ, ਭਾਵੇਂ ਇਹ ਲਗਭਗ ਪ੍ਰਾਚੀਨ ਅਤੇ ਆਕਾਰ ਵਿੱਚ ਛੋਟਾ ਹੈ। ਕਿਹਾ ਜਾਂਦਾ ਹੈ ਕਿ 'ਨੀਲ' ਭਗਵਾਨ ਸ਼ਿਵ ਦੇ ਉਸ ਭਗਤ ਦਾ ਨਾਂ ਸੀ ਜਿਸ ਨੇ ਇਹ ਮੰਦਰ ਬਣਵਾਇਆ ਸੀ, ਅਤੇ ਇਸ ਲਈ ਇਹ ਨਾਮ ਉਸ ਨੂੰ ਸ਼ਰਧਾਂਜਲੀ ਹੈ ਭਾਵੇਂ ਕਿ ਇਹ ਭਗਵਾਨ ਸ਼ਿਵ ਹੈ ਜਿਸ ਦੀ ਇੱਥੇ ਪੂਜਾ ਕੀਤੀ ਜਾਂਦੀ ਹੈ। ਇਸ ਮੰਦਰ ਬਾਰੇ ਸਭ ਤੋਂ ਮਸ਼ਹੂਰ ਚੀਜ਼ਾਂ ਵਿੱਚੋਂ ਇੱਕ ਗੰਗਾ ਦੀ ਇੱਕ ਛੋਟੀ ਜਿਹੀ ਧਾਰਾ ਹੈ ਜੋ ਇਸਦੇ ਅੱਗੇ ਵਗਦੀ ਹੈ, ਜਿਸ ਨੂੰ 'ਨੀਲ ਧਾਰਾ' ਕਿਹਾ ਜਾਂਦਾ ਹੈ। ਇੱਥੇ ਚੱਲੀ ਰੀਤ ਅਨੁਸਾਰ ਲੋਕ ਪਹਿਲਾਂ ਇਸ ਨਦੀ ਵਿੱਚ ਇਸ਼ਨਾਨ ਕਰਦੇ ਹਨ ਅਤੇ ਫਿਰ ਮੰਦਰ ਦੇ ਦਰਸ਼ਨ ਕਰਦੇ ਹਨ।



ਇਹ ਹਰਿਦੁਆਰ ਦੇ ਸਭ ਤੋਂ ਪ੍ਰਮੁੱਖ ਆਸ਼ਰਮਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ ਅਤੇ ਇਸਦੀ ਸਥਾਪਨਾ ਸਾਲ 1943 ਵਿੱਚ ਪ੍ਰਸਿੱਧ ਗੁਰੂ ਗੋਸਵਾਮੀ ਦੱਤ ਦੁਆਰਾ ਕੀਤੀ ਗਈ ਸੀ। ਇਸ ਆਸ਼ਰਮ ਵਿੱਚ ਮਾਹੌਲ ਕਾਫ਼ੀ ਸ਼ਾਂਤ ਮੰਨਿਆ ਜਾਂਦਾ ਹੈ, ਕਿਉਂਕਿ ਇਸਨੇ ਸੱਤ ਪ੍ਰਸਿੱਧ ਰਿਸ਼ੀਆਂ ਦਾ ਸੁਆਗਤ ਕੀਤਾ ਹੈ, ਅਰਥਾਤ ਵਸ਼ਿਸ਼ਟ, ਗੌਤਮ, ਕਸ਼ਯਪ, ਵਿਸ਼ਵਾਮਿੱਤਰ, ਜਮਦਗੀ, ਭਾਰਦਵਾਜ ਅਤੇ ਅਤਰੀ। ਇਸ ਸਥਾਨ ਨਾਲ ਜੁੜੇ ਕੁਝ ਸਭ ਤੋਂ ਦਿਲਚਸਪ ਮਿਥਿਹਾਸਕ ਤੱਥ ਵੀ ਹਨ।




ਇਸ ਹਰਿਦੁਆਰ ਮੰਦਰ ਨੂੰ ਪਵਿੱਤਰ ਸ਼ਹਿਰ ਦੇ ਸਭ ਤੋਂ ਸ਼ਾਂਤੀਪੂਰਨ ਮੰਦਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਮੰਦਰ ਪ੍ਰਸਿੱਧ ਚੰਡੀ ਦੇਵੀ ਮੰਦਰ ਦੇ ਨੇੜੇ ਸਥਿਤ ਹੈ। ਮੰਦਰ ਦੀ ਸਥਾਪਨਾ ਭਗਵਾਨ ਸ਼ਿਵ ਨੂੰ ਸ਼ਰਧਾ ਦੇਣ ਲਈ ਕੀਤੀ ਗਈ ਹੈ ਅਤੇ ਇੱਥੇ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੂੰ ਦੇਖਿਆ ਜਾ ਸਕਦਾ ਹੈ, ਖਾਸ ਕਰਕੇ ਸੋਮਵਾਰ ਨੂੰ।





ਮਾਇਆ ਦੇਵੀ ਮੰਦਿਰ ਹਰਿਦੁਆਰ ਦੇ ਸਭ ਤੋਂ ਬ੍ਰਹਮ ਮੰਦਰਾਂ ਵਿੱਚੋਂ ਇੱਕ ਹੈ ਜਿਵੇਂ ਕਿ ਚੰਡੀ ਦੇਵੀ ਹਰਿਦੁਆਰ ਅਤੇ ਮਨਸਾ ਦੇਵੀ ਹਰਿਦੁਆਰ ਦੇ ਨਾਲ, ਇਹ ਸਿੱਧ ਪੀਠ ਬਣਾਉਂਦਾ ਹੈ, ਅਤੇ ਇਸਲਈ, ਹੋਰ ਸਥਾਨਾਂ ਵਿੱਚੋਂ ਇੱਕ ਹੈ ਜਿੱਥੇ ਇਹ ਕਿਹਾ ਜਾਂਦਾ ਹੈ ਕਿ ਸਾਰੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ। ਸ਼ਕਤੀ ਦਾ ਇੱਕ ਹੋਰ ਅਵਤਾਰ ਮੰਨਿਆ ਜਾਂਦਾ ਹੈ, ਦੇਵੀ ਮਾਇਆ ਦੇਵੀ ਦੇ ਤਿੰਨ ਸਿਰ ਅਤੇ ਚਾਰ ਬਾਹਾਂ ਹਨ। ਅਸਥਾਨ ਦੇ ਅੰਦਰ ਤਿੰਨ ਮੂਰਤੀਆਂ ਹਨ- ਦੇਵੀ ਕਾਲੀ, ਦੇਵੀ ਕਾਮਾਖਿਆ ਅਤੇ ਦੇਵੀ ਮਾਇਆ। ਹਰਿਦੁਆਰ ਦੇ ਦੂਜੇ ਦੋ ਮੰਦਰਾਂ ਦੇ ਉਲਟ ਜੋ ਸਿੱਧ ਪੀਠ ਬਣਾਉਂਦੇ ਹਨ, ਇਹ ਅਸਲ ਵਿੱਚ ਆਸਾਨੀ ਨਾਲ ਪਹੁੰਚਯੋਗ ਹੈ। ਟ੍ਰੈਕਿੰਗ ਜਾਂ ਰੋਪਵੇਅ ਦੀ ਬਜਾਏ, ਕੋਈ ਵੀ ਬੱਸ ਜਾਂ ਹੋਰ ਸਥਾਨਕ ਆਵਾਜਾਈ ਦੁਆਰਾ ਆਸਾਨੀ ਨਾਲ ਇਸ ਤੱਕ ਪਹੁੰਚ ਸਕਦਾ ਹੈ। ਨਵਰਾਤਰੀ ਅਤੇ ਕੁੰਭ ਮੇਲਾ ਉਹ ਤਿਉਹਾਰ ਹਨ ਜਿੱਥੇ ਇੱਥੇ ਵਿਸ਼ੇਸ਼ ਰਸਮਾਂ ਹੁੰਦੀਆਂ ਹਨ, ਅਤੇ ਇਸ ਲਈ ਇਸ ਮੰਦਰ ਨੂੰ ਸਭ ਤੋਂ ਵੱਧ ਦੇਖਿਆ ਜਾਂਦਾ ਹੈ।



ਭਾਵੇਂ ਇਸਨੂੰ ਹਿੰਦੂਆਂ ਦਾ ਪਵਿੱਤਰ ਸ਼ਹਿਰ ਮੰਨਿਆ ਜਾਂਦਾ ਹੈ, ਹਰਿਦੁਆਰ ਦੇ ਮੰਦਰਾਂ ਵਿੱਚ ਇੱਕ ਜੈਨ ਮੰਦਿਰ ਸ਼ਾਮਲ ਹੈ, ਜਿਸਦੀ ਸੁੰਦਰ ਆਰਕੀਟੈਕਚਰ ਅਤੇ ਸ਼ਾਂਤੀਪੂਰਨ ਅਤੇ ਸ਼ਾਂਤ ਮਾਹੌਲ ਸ਼ਰਧਾਲੂਆਂ ਅਤੇ ਸੈਲਾਨੀਆਂ ਦੀ ਭੀੜ ਨੂੰ ਆਕਰਸ਼ਿਤ ਕਰਦਾ ਹੈ। ਇਸ ਮੰਦਰ ਦੀਆਂ ਦੋ ਮੰਜ਼ਿਲਾਂ 'ਤੇ ਦੋ ਵੱਖ-ਵੱਖ ਮੂਰਤੀਆਂ ਹਨ। ਹੇਠਲੀ ਮੰਜ਼ਿਲ 'ਤੇ ਤੀਰਥੰਕਰ ਸ਼੍ਰੀ ਆਦਿਨਾਥ ਭਗਵਾਨ ਦੀ ਚਿੱਟੇ ਸੰਗਮਰਮਰ ਦੀ ਮੂਰਤੀ ਹੈ, ਅਤੇ ਪਹਿਲੀ ਮੰਜ਼ਿਲ 'ਤੇ ਸ਼੍ਰੀ ਚਿੰਤਾਮਣੀ ਪਾਰਸ਼ਵਨਾਥ ਦੀ ਮੂਰਤੀ ਹੈ। ਦੋ ਛੋਟੇ ਮੰਦਰ ਮੁੱਖ ਦੇ ਨਾਲ ਲੱਗਦੇ ਹਨ, ਸ਼੍ਰੀ ਘੰਟਾਕਰਨ ਮਹਾਵੀਰ ਅਤੇ ਸ਼੍ਰੀ ਆਦਿਨਾਥ ਭਗਵਾਨ ਨੂੰ ਸਮਰਪਿਤ। ਇਹ ਮੰਦਰ ਨਾ ਸਿਰਫ ਹਰਿਦੁਆਰ ਦੀ ਬਾਹਰੀ ਸੁੰਦਰਤਾ ਵਿੱਚ ਯੋਗਦਾਨ ਪਾਉਂਦਾ ਹੈ, ਸਗੋਂ ਸਥਾਨਕ ਲੋਕਾਂ ਦੁਆਰਾ ਦਰਸਾਏ ਗਏ ਹਰ ਰੂਪ ਵਿੱਚ ਪਰਮੇਸ਼ੁਰ ਦੀ ਮਹਾਨ ਸਹਿਣਸ਼ੀਲਤਾ ਅਤੇ ਸਵੀਕਾਰਤਾ ਦਾ ਵੀ ਪ੍ਰਮਾਣ ਹੈ।



ਇਹ ਮੰਦਰ ਕਸ਼ਮੀਰ ਵਿੱਚ ਸਥਿਤ ਮੰਦਰ ਤੋਂ ਪ੍ਰੇਰਿਤ ਹੈ। ਇਹ ਸਭ ਤੋਂ ਦਿਲਚਸਪ ਮੰਦਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਕਿਉਂਕਿ ਇਸ ਦੇ ਅੰਦਰ ਗੁਫਾਵਾਂ ਦੇ ਨਾਲ-ਨਾਲ ਸੁਰੰਗਾਂ ਵੀ ਹਨ। ਇਸ ਮੰਦਰ ਦੀ ਸਥਾਪਨਾ ਤਿੰਨ ਦੇਵੀ-ਸਰਸਵਤੀ, ਕਾਲੀ ਅਤੇ ਲਕਸ਼ਮੀ ਨੂੰ ਸ਼ਰਧਾਂਜਲੀ ਦੇਣ ਲਈ ਕੀਤੀ ਗਈ ਸੀ। ਇਹ ਮੰਦਿਰ ਆਪਣੀ ਆਰਕੀਟੈਕਚਰ ਦੇ ਨਾਲ-ਨਾਲ ਸਥਾਨ ਦੇ ਕਾਰਨ ਹਰ ਕਿਸਮ ਦੇ ਯਾਤਰੀਆਂ ਦੁਆਰਾ ਪ੍ਰਸ਼ੰਸਾਯੋਗ ਹੈ।



ਇਹ ਮੰਦਰ ਦੇਵੀ ਕਾਲੀ ਦੀ ਸ਼ਰਧਾ ਵਿੱਚ ਬਣਾਇਆ ਗਿਆ ਹੈ ਜੋ ਵਿਨਾਸ਼ ਦੀ ਮਾਂ ਵਜੋਂ ਜਾਣੀ ਜਾਂਦੀ ਸੀ। ਇਹ ਮੰਦਰ ਆਪਣੇ ਸਥਾਨ ਲਈ ਪ੍ਰਸ਼ੰਸਾਯੋਗ ਹੈ ਅਤੇ ਬਹੁਤ ਸਾਰੇ ਸ਼ਰਧਾਲੂ ਸਾਲ ਭਰ ਇਸ ਮੰਦਰ ਦਾ ਦੌਰਾ ਕਰਦੇ ਹਨ। ਤੁਹਾਡੀ ਹਰਿਦੁਆਰ ਯਾਤਰਾ ਦੌਰਾਨ ਇਸ ਮੰਦਰ ਦਾ ਦੌਰਾ ਕਰਨਾ ਜ਼ਰੂਰੀ ਹੈ।